ੴ

# ਮਨ ਸੁੱਕਾ ਹਰਿਆ ਹੋਇਆ

ਗੁਰ ਪ੍ਰਸਾਦਿ ਦੀ ਰਾਹ ਤੇ।

ਪ੍ਰੋਫੈਸਰ ਹਰਕਿਸ਼ਨ ਸਿੰਘ ਦੀਆਂ ਰਚਨਾਵਾਂ ਵਿਚੋਂ ਝਲਕਾਂ,
ਕੋਈ ਕੋਈ, ਕਿਤੋਂ ਕਿਤੋਂ।

ਚੋਣ ਕਰਤਾ :- ਮਨੋਹਰ ਸਿੰਘ ਬਤਰਾ

Sri Satguru Jagjit Singh Ji Elibrary NamdhariElibrary@gmail.com

..angpura Road
..Delhi - 110016
..4693614.



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਪ੍ਰੀਤਮ ਸਿੰਘ ਕਵੀ
28-1-1996

ੴ

# ਮਨ ਸੁੱਕਾ ਹਰਿਆ ਹੋਆ

## ਗੁਰ ਪ੍ਰਸਾਦਿ ਦੀ ਰਾਹ ਤੇ।

ਪ੍ਰੋਫ਼ੈਸਰ ਹਰਕਿਸ਼ਨ ਸਿੰਘ ਦੀਆਂ ਰਚਨਾਵਾਂ ਵਿਚੋਂ ਝਲਕਾਂ,
ਕੋਈ ਕੋਈ, ਕਿਤੋਂ ਕਿਤੋਂ।

ਚੋਣ ਕਰਤਾ :- ਮਨੋਹਰ ਸਿੰਘ ਬਤਰਾ

Sri Satguru Jagjit Singh Ji Elibrary NamdhariElibrary@gmail.com

ਇਹ ਨੇ ਕੇਵਲ ਥੋੜੇ ਜਿਹੇ ਇਹਨਾਂ ਦੇ ਲਿਖੇ ਟਰੈਕਟਾਂ ਤੇ ਇਕ ਦੋ ਕਿਤਾਬਾਂ ਵਿਚੋਂ ਪੰਨੇ ਜੋ ਮੇਰੇ ਹੱਥ ਆਏ ਜਾਂ ਇੰਜ ਕਹੋ ਸਤਿਗੁਰੂ ਦੀ ਬਰਖਾ ਨਾਲ ਕੁੱਝ ਕਤਰੇ ਨਦੀ ਵਿਚੋਂ ਬੁੱਕ ਭਰਣ ਵਾਂਗ-ਮੈਨੂੰ ਏਨੇ ਚੰਗੇ ਲਗੇ ਕਿ ਕਿਸੇ ਪੈਰਾਗਰਾਫ਼ ਨੂੰ ਵੀ ਇਹਦੇ ਵਿਚੋਂ ਕਢਣਾ ਦਿਲ ਨੂੰ ਔਖਾ ਲਗਾ। ਅਨੰਦਮਈ ਬਾਣੀ ਤੇ ਅਨੰਦਮਈ ਝਲਕਾਰੇ ਜੋ ਇਹਨਾਂ ਦੀਆਂ ਸਾਰੀਆਂ ਵਡੀਆਂ ਵਡੀਆਂ ਲਿਖਤਾਂ ਵਿਚੋਂ ਨਹੀਂ ਮਾਣ ਸਕੇ, ਉਹਨਾਂ ਨੂੰ ਇਹਨਾਂ ਚੋਣਵੀਆਂ ਲਾਈਨਾਂ ਵਿਚੋਂ ਵੀ ਮਹਿਕ ਮਿਲੇਗੀ।

**ਮਨੋਹਰ ਸਿੰਘ ਬਤਰਾ**

*Published by :*

**S. Manohar Singh Batra**
**M-211 Greater Kailash-II, New Delhi.**

Printed at Paramount Publishing House, New Delhi-2. Phone: 3235261

Sri Satguru Jagjit Singh Ji Elibrary NamdhariElibrary@gmail.com

# ਸਹਸਾ

### (ਭਗਤਿ ਬਿਨਾ ਸਹਸਾ ਨਹਿ ਚੂਕੈ ਵਿਚੋਂ)

ਭਗਤੀ ਦੇ ਰਾਹ ਵਿਚ, ਪਹਾੜ ਜਿੱਡੀ ਰੁਕਾਵਟ ਹੈ। ਸਹਸਾ ਇਲਮ ਦਾ ਗੁਣ ਵੀ ਹੈ ਤੇ ਔਗੁਣ ਵੀ। ਆਲਮ "ਕੀ ਹੋਇਆ ਤੇ ਕੀਕੂੰ ਹੋਇਆ" ਦੀ ਕੈਦ ਵਿਚ ਹੀ ਫਸਿਆ ਰਹਿੰਦਾ ਹੈ। ਪਿੰਜਰੇ ਵਿਚ ਪਏ ਪੰਛੀ ਵਾਂਗੂੰ ਆਪਣਾ ਸਿਰ ਪਟਕਦਾ ਹੈ, ਅਸਮਾਨ ਵਿਚ ਉਡਣ ਤੋਂ ਅਸਮਰਥ ਹੋ ਜਾਂਦਾ ਹੈ।

ਉੱਚੇ ਗਗਨਾਂ ਦਾ, ਨਜ਼ੀਰ ਤੋਂ ਪਰ੍ਹੇ, ਮੰਡਲਾਂ ਦਾ ਮਿਲਾਪ ਔਖਾ ਹੋ ਜਾਂਦਾ ਹੈ। ਪੜ੍ਹ, ਪੜ੍ਹ, ਗੱਡੀ ਲੱਦਣ ਨਾਲ ਅਸਮਾਨਾਂ ਦੀ ਤਾਰੀ ਲਾਉਣ ਦੀ ਥਾਏਂ ਭੋਇ ਭਾਰ ਥੀ ਜਾਂਦਾ ਹੈ। ਇੱਥੇ ਗੁਰੂ ਭੇਦ ਦਸਦਾ ਹੈ ਪਿਆਰ ਨਾਲ, ਦ੍ਰਿੜ੍ਹਾ ਕੇ, ਕਿ ਹੇ ਆਲਮਾ! ਵਹਿਮ ਦੇ ਜੰਗਲਾਂ ਵਿਚੋਂ ਤੂੰ ਜਰੂਰ ਨਿਕਲ ਪਰ ਚੜ੍ਹਦੇ ਸੂਰਜ ਦੀ ਟਿੱਕੀ ਤਾਂ ਅੱਖ ਭਰਕੇ ਦੇਖ ਲੈ। ਗੰਗਾ ਦਾਂ ਪਾਣੀ ਪਿਤਰਾਂ ਨੂੰ ਪਹੁੰਚਾਉਣ ਦੀ ਹਿਮਾਕਤ ਤੇ ਬੇਸ਼ਕ ਹੱਸ, ਪਰ ਸਰਦੀਆਂ ਦੀ ਸਵੇਰ ਵਿਚ ਸੂਰਜ ਦੀ ਧੁੱਪ ਦਾ ਨਿੱਘ ਮਾਣਨ ਤੋਂ ਨਾ ਝੱਕ। ਤੀਜ ਦੇ ਚੰਨ ਨਿਕਲਦਿਆਂ ਗੁਆਂਢੀਆਂ ਨੂੰ ਵੱਟੇ ਮਾਰਨ ਤੋਂ ਜਰੂਰ ਰੋਕ ਪਰ ਗਗਨ ਥਾਲ ਵਿਚ ਰਵਿ ਚੰਦ ਦੀਪਕਾਂ ਨਾਲ ਕਾਦਰ ਦੀ ਹੋ ਰਹੀ ਆਰਤੀ ਜੀਅ ਭਰ ਭਰ ਕੇ ਵੇਖ। ਬਚਾਅ ਬੇਸ਼ਕ, ਆਪਣੇ ਦਾਮਨ ਨੂੰ ਗੁਲਾਬ ਦੇ ਕੰਡਿਆਂ ਤੋਂ ਪਰ, ਖ਼ੁਸ਼ਬੂ ਤੈਨੂੰ ਰੰਗ ਵਿਚ ਨਾ ਚਲੂਲੇ, ਮਨ ਤਨ ਨਾ ਭਿੰਨੇ ਝਕੋਲੀ ਹੋਈ ਮੁਸ਼ਕ ਤੈਨੂੰ ਨਾ ਮੁਸ਼ਕਾਵੇ? ਇਸ ਨਾਮ ਭਗਤੀ ਨਾਲ ਤੇਰਾ ਮਨ ਆਲਸੀਆ ਤੇ ਉਘਲਾਦਾਂ ਨਹੀਂ ਰਹੇਗਾ।

ਇਕ ਕਿਸਮ ਦਾ ਸਹਸਾ ਹਰ ਸੱਚ ਦੇ ਖੋਜੀ ਨੂੰ ਉਪਜਦਾ ਹੈ। ਨਿਰਾ ਆਲਮ ਖੋਜ ਵਿਚ ਖਚੱਤ ਹੋਈ ਜਾਂਦਾ ਹੈ, ਕਦਮ ਕਦਮ ਤੇ ਲੜਖੜਾ ਜਾਂਦਾ ਪਰ ਸੱਚ ਦੀ ਬਾਣੀ ਵਾਚਦਿਆਂ ਜਿਹੜੇ ਮਸੂਮ ਸਹਸੇ ਉਪਜਦੇ ਹਨ, ਉਹਨਾਂ ਸਭ ਦਾ ਉੱਤਰ ਇਸ ਪੱਕੀ ਬਾਣੀ ਤੋਂ ਹੀ ਮਿਲ ਜਾਂਦਾ ਹੈ।

ਵਗਦੀਆਂ ਨਦੀਆਂ ਦੇ ਪਾਣੀ ਵਿਚ ਨਹਾ, ਉੱਚੀਆਂ ਟੀਸੀਆਂ ਤੇ ਚੜ੍ਹਨ ਦਾ ਉਦਮ ਕਰ, ਉਦਮ ਵਿਚ ਮਾਨਸਿਕ ਤੇ ਸਰੀਰਕ ਅਰੋਗਤਾ ਹੈ, ਅਰੋਗਤਾ ਜਿਸ ਨਾਲ ਪ੍ਰੇਮ ਦੀ ਖਿੱਚ ਪੈਂਦੀ ਹੈ ਤੇ ਭਗਤੀ ਐਸੇ ਤਨ ਤੇ ਮਨ ਵਿਚ ਆਪੇ ਆ ਆ ਧਸਦੀ ਹੈ। ਨੀਲੇ ਅਸਮਾਨ ਦਾ ਰੰਗ ਦੇਖ, ਸਬਜ਼ ਸਬਜ਼ ਘਾਹ ਦੀ



Sri Satguru Jagjit Singh Ji Elibrary NamdhariElibrary@gmail.com

ਮਖ਼ਮਲ ਤੇ ਕਦਮ ਰਖ, ਸਹਸਾ ਚੁਕ ਜਾਵੇਗਾ "ਵਾਹਿਗੁਰੂ ਹੈ ਕਿ ਨਹੀਂ" ਭਰਮ ਮਿਟ ਜਾਵੇਗਾ। ਤੇਰੀ ਸਾਰੀ ਵਿਦਿਆ ਨਹੀਂ ਦਸ ਸਕਦੀ ਕਿ ਘਾਹ ਹਰੀ ਕਿਉਂ ਹੈ, ਸਰ੍ਹੋਂ ਦੀ ਕਿਆਰੀ ਵਿਚੋਂ ਸੋਨਾ ਕਿਉਂ ਝਲਕਦਾ ਹੈ ਤੇ ਕਿਸ ਅੱਖ ਨੂੰ ਤ੍ਰੇਲ ਵਿਚੋਂ ਚਾਂਦੀ ਦੀ ਭਾਹ ਲਿਸ਼ਕਾਂ ਮਾਰਦੀ ਹੈ। ਕੁਦਰਤ ਜਾਂ ਕਾਇਨਾਤ ਵਿਚ ਵਸਿਆ ਤੈਨੂੰ ਵੀ 'ਮੀਠੇ ਹਰਿ ਗੁਣ ਗਾਉ" ਵਿਚੋਂ।

ਜੇ ਫੁਲਾਂ ਦਾ ਰੱਸ ਚੂਸਣਾ ਚਾਹੋ-ਭੌਰੇ ਵਾਂਗ ਤਾਂ ਇਕ ਇਕ ਸ਼ਬਦ ਲੈਕੇ, ਦੋ ਦੋ ਵੇਰ ਖੁਲ੍ਹੀ ਤਰ੍ਹਾਂ ਗਾਓ-ਜਿਵੇਂ ਵੀ ਆਉਂਦਾ ਹੋਵੇ ਆਪ ਨੂੰ ਹੀ ਤਾਂ ਸੁਨਾਣਾ ਹੈ.......ਆਪਣੇ ਲਈ ਹੀ ਤਾਂ ਗਾਣਾ ਹੈ....... ਦਿਲੀ ਖੁਸ਼ੀ ਲਈ......( ਇਨਾਮ ਲਈ ਗਾਇਆ ਗੀਤ ਆਤਮਾ ਦੇ ਅੰਦਰੋਂ ਨਹੀਂ ਉਤਰਿਆ ਹੁੰਦਾ) ਸ਼ੇਰ ਜੇ ਗਾਇਆ ਨਾਂ ਹੀ ਜਾਏ ਤਾਂ ਗੁਣਗੁਣਾ ਹੀ ਲਓ– ਫੇਰ ਸ਼ਬਦ ਦੇ ਥਲੇ ਲਿਖੇ ਨੋਟ ਜਾਂ ਵਿਚਾਰ, ਵਾਚੋ ਦਿਲ ਲਾਕੇ ...... ਮਨ ਵਿਚ ਵਸਾਕੇ .....ਫੇਰ ਦੇਖਣਾ ਸੀਨੇ ਨੇ ਸਿੱਕ ਖਾਧੀ ਹੋਵੇਗੀ........ਨੈਣਾਂ ਤੇ ਨਿਹੁੰ ਦਾ ਲੇਪ ਚੜ੍ਹ ਗਿਆ ਹੋਵੇਗਾ।

ਤੁਹਾਨੂੰ ਬਾਣੀ ਮਿੱਠੀ ਲਗੇ, ਇਤਨੀ ਮਿੱਠੀ ਕਿ ਤੁਸੀਂ ਜਿਧਰੋਂ ਲੰਘ ਜਾਓ, ਤਪਦਿਆਂ ਹਿਰਦਿਆਂ ਨੂੰ ਠੰਢੀ ਮਹਿਕ ਪਈ ਆਵੇ। ਤੁਹਾਡਾ ਹਸੂੰ ਹਸੂੰ ਚੇਹਰਾ ਗਵਾਂਢੀਆਂ ਦੇ ਮੂੰਹ ਤੇ ਭੀ ਰੌਣਕ ਲੈ ਆਵੇ।

'ਮੀਠੇ ਹਰ ਗੁਣ ਗਾਉ' ਇਸ ਨੂੰ ਭੀ ਪੀਂਘ ਬਣਾ ਲਵੋ, ਝੂਟੇ ਲੈਣ ਲਈ....... ਹੁੱਲੇ ਹਲਾਰਿਆਂ ਲਈ....... ਅਸਮਾਨ ਨੂੰ ਛੋਹਣ ਲਈ........ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬਖਸ਼ਦੀ ਹੈ। ਜਰੂਰ ਇਹ ਬਖਸ਼ਿਸ਼ਾਂ ਹਾਸਲ ਕਰੋ.......ਉਸ ਤੇ ਜਾਂ ਕਿਸੇ ਹੋਰ ਤੇ, ਇਹਸਾਨ ਲਈ ਨਹੀਂ.........ਆਪਣੇ ਆਪ ਤੇ ਤਰਸ ਲਈ.....ਘੁੰਮਣ ਘੇਰੀਆਂ ਵਿਚੋਂ ਨਿਕਲਣ ਲਈ, "ਪੰਕਜ" ਵਿਚੋਂ ਜੋ "ਪੰਗ"-ਨਾ ਚਾਲੋ ਦਲਦਲ ਵਿਚ ਧਸਕੇ ਸਰੀਰ ਨੂੰ ਛਾਲ ਮਾਰ ਬਾਹਰ ਨਿਕਲਣ ਦੀ ਸਮਰੱਥਾ ਲਈ।

ਸੌਖੀ ਜ਼ੁਬਾਨ ਵਿਚ "ਰੰਗ ਵਿਚ ਝੂੰਮਣ ਲਈ" ਜ਼ਿਦਰਗੀ ਨੂੰ "ਖੁਸ਼ਨੁਮਾ ਲੰਬਾ ਤਜਰੁਬਾ" ਸਮਝਣ ਲਈ, ਅਕੇਹ ਸਵਾਦ ਵਿਚ ਜ਼ਮੀਨ ਤੋਂ ਗਿੱਠ ਗਿੱਠ ਉੱਚਾ ਚਲ ਸਕਣ ਲਈ-ਜਗਤ-ਅਖਾੜੇ ਵਿਚ ਜੇਤੂ ਮਹਿਸੂਸ ਕਰਨ ਲਈ।

ਪਰ ਫੇਰ ਹਿੰਮਤ ਕਰਕੇ ਆਪਣੇ ਸੋਹਣੇ ਜਿਹੇ ਮੱਥੇ ਤੇ ਤਿਊੜੀ ਪਾਕੇ ਪਾਰਬਤੀ ਇਸ ਤਰ੍ਹਾਂ ਪੁਛਣ ਲਗੀ, ਜਿਵੇਂ ਹਾਰਿਆ ਹੋਇਆ ਜਵਾਰੀਆ ਆਪਣੇ ਸਾਥੀਆਂ ਨੂੰ ਪੁਛਦਾ ਹੈ "ਇਹ ਕੀ ਜਾਦੂ ਹੈ ? ਮੈਨੂੰ ਹਰਾਣ ਲਈ ਇਹ ਕੀ ਅਨੋਖੀ ਚਾਲ ਹੈ ? ਕਿਸੇ ਕਿਸਮ ਦਾ ਧੋਖਾ ਹੈ।

ਜਿੱਤੇ ਹੋਏ, ਤਾਂ ਸਨ ਹੀ ਸ਼ਿਵਜੀ ਮਹਾਰਾਜ ! ਪਿਆਰ ਨਾਲ ਬੋਲੇ ਇਹ ਕੁਦਰਤੀ ਮਰਿਯਾਦਾ ਹੈ-ਰਿਜ਼ਕ ਦੇਣਾ, ਰਿਜ਼ਕ ਹਰ ਇਕ ਨੂੰ ਦੇਣਾ-ਕਿਸੇ ਦੇ ਕਰਮਾਂ ਨੂੰ ਨਹੀਂ ਵਿਚਾਰਣਾ।"

(ਅਮੁਲ ਗੁਣ ਵਿਚੋਂ)



Sri Satguru Jagjit Singh Ji Elibrary NamdhariElibrary@gmail.com

ਬਰੀਗੇਡੀਅਰ ਨੇ ਇਕ ਟਿਪਣੀ ਚਾ ਕੀਤੀ। ਇੰਵ ਲੱਗਾ ਚਾਣਚੱਕ ਇਕ ਹਲੂਣਾ ਦੇ ਗਈ ਹੈ। ਤਲਾਅ ਵਿਚ ਜਿਵੇਂ ਕੋਈ ਰੋੜਾ ਸੁੱਟੇ ਤਾਂ ਉਸ ਸੁਨਸਾਨ ਵਿਚ ਬੜਾ ਖੜਕਾ ਹੋਇਆ ਲਗਦਾ ਹੈ। ਪਾਣੀ ਵਿਚ ਤੱਕੋ ਤਾਂ ਇਕ ਸਿਰੇ ਤੋਂ ਦੂਜੇ ਤੇੜੀ, ਹੁਣ ਤਕ ਸ਼ਾਂਤ ਤੇ ਅਹਿਲ ਜਿਹਾ ਪਾਣੀ ਵਾਹੋਦਾਹੀ ਚਕਰ ਲਗਾਣ ਲਗ ਜਾਂਦਾ ਹੈ ਤੇ ਘੁੰਮਨਘੇਰੀਆਂ ਖਾਂਦਾ, ਲਹਿਰਾਂ ਲੈਣ ਲਗ ਜਾਂਦਾ ਹੈ....

(ਬਲਿਹਾਰੀ ਕੁਦਰਤ ਵਸਿਆ ਵਿਚੋ)'

ਉਸ ਦਾ ਘਰ ਹੈ ਉਸਦੇ ਪਸਾਰੇ ਵਿਚ ਜਿਥੇ ਬਹੁਤ ਕੁਝ ਹੈ, ਪਰ ਪ੍ਰਮਾਤਮਾ ਦਾ ਦਰ ਅਸਮਾਨ ਤੇ ਨਹੀਂ ਹੈ। ਪ੍ਰਮਾਤਮਾ ਦਾ ਘਰ ਕੁਦਰਤ ਦੇ ਪਸਾਰੇ ਦਾ ਹੀ ਦੂਜਾ ਨਾਂ ਹੈ। ਕੁਦਰਤ ਹੀ ਉਸਦਾ ਘਰ ਤੇ ਦਰ ਹੈ। ਇਸੀ ਕੁਦਰਤ ਵਿਚ ਸ਼ਾਮਿਲ ਹੈ ਇਨਸਾਨੀ ਹਿਰਦਾ ਜਾਂ ਦਸਮ ਦੁਵਾਰ, ਜਿਥੇ ਭਗਤੀ ਦੁਆਰਾ ਪ੍ਰਮਾਤਮਾ ਪ੍ਰੱਤਖ ਹੁੰਦਾ ਹੈ, ਸਮਝ ਦੀ ਲਪੇਟ ਵਿਚ ਆ ਜਾਂਦਾ ਹੈ।

ਉਸ ਦੇ ਵਿਚ ਬੇਅੰਤਤਾ ਹੈ ਤੇ ਵਿਲੱਖਣਤਾ ਹੈ-ਨਾਦ ਹੈ, ਰਾਗ ਹੈ, ਪੌਣ ਹੈ ਪਾਣੀ ਹੈ, ਬਸੰਤਰ ਹੈ।

(ਬਲਿਹਾਰੀ ਕੁਦਰਤ ਵਸਿਆ ਵਿਚੋਂ)

ਇਨ੍ਹਾਂ ਬਖਸ਼ਸਾਂ ਨਾਲ ਮਨ ਰੱਜਦਾ ਹੈ, ਸਵਾਦ ਮਾਣਦਾ ਹੈ। ਉਹ ਸਵਾਦ ਬਹੁਤ ਜ਼ਿਆਦਾ ਮਿਕਦਾਰ ਵਿਚ ਦਾਤਾਂ ਮਿਲ ਜਾਣ ਵਿਚ ਨਹੀਂ। ਉਸ ਚੀਜ਼ ਦਾ ਸਵਾਦ ਹੀ ਕੀ ਜਿਸ ਵਿਚ ਤਾਂਘ ਹੀ ਨਾ ਹੋਵੇ। ਜਿੰਨੇ ਪੈਸੇ ਜਿਸ ਵੇਲੇ ਚਾਹੋ ਖਰਚ ਲਵੋ ਤਾਂ ਮਨ ਵਿਚ ਅਕੇਵਾਂ ਆ ਜਾਂਦਾ ਹੈ। ਕਿਸੇ ਚੀਜ ਵਿਚ ਖਾਸ ਸਵਾਦ ਨਹੀਂ ਭਾਸਦਾ। ਕੋਈ ਤ੍ਰਿਸ਼ਨਾ ਨਹੀਂ ਹੁੰਦੀ, ਕੋਈ ਚਾਹ ਨਹੀਂ ਹੁੰਦੀ। ਕੋਈ ਉਮੰਗ ਨਹੀਂ ਹੁੰਦੀ। ਜਿਸ ਵਿਚ ਕੋਈ ਇੰਤਜ਼ਾਰ ਨਾਂਹ ਹੋਵੇ। ਪੈਸੇ ਜੋੜਨ ਦੀ ਲੋੜ ਹੀ ਨਾਂਹ ਪਵੇ। ਚੁੱਕੋ ਚੈਕ ਬੁੱਕ ਤੇ ਬੇ-ਸ਼ੁਮਾਰ ਮਨ-ਚਾਹਤ ਚੀਜਾਂ ਲਈ ਆਵੇ ਤਾਂ ਕਿਸੇ ਚੀਜ਼ ਵਿਚ ਨਵਾਂਪਨ ਨਹੀਂ ਰਹਿੰਦਾ। ਕੋਈ ਰੀਝ ਨਹੀਂ ਲਾਉਣੀ ਪੈਂਦੀ। ਮੰਗ ਨਹੀਂ ਕਰਨੀ ਪੈਂਦੀ ਮਿਹਨਤ ਨਹੀਂ ਕਰਨੀ ਪੈਂਦੀ, ਤਰਸਾਅ ਨਹੀਂ ਝਲਣਾ ਪੈਂਦਾ, ਬਾਰਸ਼ ਛਮ ਛਮ ਵਰ੍ਹੀ ਜਾਵੇ ਤੇ ਉਸਦਾ ਵੀ ਸਵਾਦ ਘਟ ਜਾਂਦਾ ਹੈ।"

(ਬਲਿਹਾਰੀ ਕੁਦਰਤ ਵਸਿਆ ਵਿਚੋਂ)

ਇਕ ਵਿਨਾਸ਼ਕਾਰੀ ਝਖੜ ਜਿਹਾ ਸਾਰੇ ਮੁਲਕ ਤੇ ਛਾਇਆ ਹੋਇਆ ਹੈ, ਜਿਸ ਦੀ ਲਪੇਟ ਵਿਚ ਸਭ ਛੋਟੇ ਵੱਡੇ ਬੰਨ੍ਹੇ ਪਏ ਹਨ। ਸੱਤਾ ਦੇ ਪਿਛੇ, ਪੈਸੇ ਦੇ ਪਿਛੇ-ਪਰਾਏ ਧਨ ਦੇ ਪਿੱਛੇ, ਪਰਾਏ ਤਨ ਦੇ ਪਿਛੇ, ਤਕਰੀਬਨ ਸਾਰੀ ਦੀ ਸਾਰੀ ਵੱਸੋਂ ਦੋਸ਼ ਦੀ-ਗ੍ਰਿਫਤ ਵਿਚ ਹੈ। ਰਿਸ਼ਵਤ ਦਾ ਬਜ਼ਾਰ ਗਰਮ ਹੈ ਤੇ ਰਿਸ਼ਵਤ



Sri Satguru Jagjit Singh Ji Elibrary NamdhariElibrary@gmail.com

ਲੈਣ ਤੇ ਦੇਣ ਵਿਚ ਕੋਈ ਝਿਜਕ ਨਹੀਂ। ਜੋ ਫ਼ਰਮਾਣ ਗੁਰੂ ਨਾਨਕ ਸਾਹਿਬ ਨੇ ਆਪਣੇ ਵਕਤ ਨੂੰ ਵੇਖਕੇ ਕੀਤੇ ਸਨ, ਸੱਭ ਦੇ ਸੱਭ ਅੱਜ ਦੇ ਵਕਤ ਦੇ ਲਿਹਾਜ਼ ਨਾਲ ਉਸ ਤੋਂ ਭੀ ਵੱਡੇ ਦਰਜੇ ਤੇ ਸੱਚੇ ਤੇ ਸੁੱਚੇ ਹਨ :- ਰਾਜੇ ਸੀਂਹ ਮੁਕੱਦਮ ਕੁੱਤੇ ਕਾਜੀ ਹੋਏ ਰਿਸ਼ਵਤੀ-ਭਾਈ ਗੁਰਦਾਸ ਜੀ ਦਾ ਕਥਨ, ਇੰਜ ਲਗਦਾ ਹੈ ਕਿ ਅੱਜ ਲਈ ਹੀ ਕੀਤਾ ਗਿਆ ਸੀ।

(ਖ਼ੁਰਸਾਨ ਖਸਮਾਨਾ ਕੀਆ ਵਿਚੋਂ)

ਇਸ ਸ਼ਬਦ ਵਿਚ ਉਨ੍ਹਾਂ ਦੇ ਮਨ ਦੀ ਕੁਰਲਾਹਟ ਹੀ ਜ਼ਾਹਿਰ ਨਹੀਂ ਹੁੰਦੀ ਸਗੋਂ ਲਲਕਾਰ ਭੀ ਹੈ। ਬੁਲੰਦ ਅਵਾਜ਼ ਵਿਚ ਵਤਨੀਆਂ ਲਈ, ਬਾਦਸ਼ਾਹ ਵਾਸਤੇ ਤੇ ਧਾੜਵੀਆਂ ਵਾਸਤੇ ਸਾਂਝੀ ਨਸੀਹਤ ਹੈ, ਦਰਦ ਤੇ ਕੀਰਨੇ ਭੀ ਹਨ।

(ਖੁਰਾਸਾਨ ਖਸਮਾਨਾ ਵਿਚੋਂ)

ਪੰਜਾਬੀ ਲੋਕ-ਗੀਤਾਂ ਵਿਚ ਸ਼ਾਮਲ ਇਕ ਬਾਰਮਾਂਹ ਨਮੂਨੇ ਵਾਂਗੂ ਹੇਠਾਂ ਦਿੱਤਾ ਜਾਂਦਾ ਹੈ। ਪਤੀ ਨੂੰ ਬਦੇਸ਼ ਦੀ ਨੌਕਰੀ ਮਿਲਦੀ ਹੈ। ਉਸ ਸਮੇਂ ਦੇ ਮੁਤਾਬਕ ਇਸ ਘਰ ਵਿਚ ਵੀ ਪੈਸੇ ਦੀ ਥੁੜ੍ਹ ਹੈ ਤੇ ਪਤੀ ਨੌਕਰੀ ਨੂੰ ਇਕ ਰੱਬੀ ਦਾਤ ਸਮਝਕੇ ਤੇ ਸਾਹਸੀ ਚਣੌਤੀ ਜਾਣ ਕੇ ਭਲਕਿ ਨੂੰ ਤੁਰ ਜਾਣ ਦੀ ਠਾਣ ਲੈਂਦਾ ਹੈ। ਬੀਵੀ, ਜਿਸ ਤੋਂ ਘੋਲ ਘੁਮਾਈ ਹੁੰਦਾ ਹੈ-ਉਸ ਪਾਸ ਹੁਸਨ ਹੈ, ਇਹ ਆਪ ਜਫ਼ਾਂਕਸ਼ ਹੈ। ਉਸਦੇ ਬਦਨ ਦੀ ਬਨਾਵਟ ਵਿੱਚੋਂ ਇਸ ਨੂੰ ਬਿਜਲੀ ਦਾ ਕਰੰਟ ਵਜਦਾ ਹੈ। ਉਸਦੇ ਲਬਾਂ ਦੀ ਸੁਰਖ਼ੀ ਇਸ ਨੂੰ ਫੜਕਾ ਦੇਂਦੀ ਹੈ। ਇਨਸਾਨ ਦੀ ਹੈਵਾਨਗੀ ਉਸਦੇ ਕੀਤੇ ਇਰਾਦਿਆਂ ਨੂੰ ਦਸ਼ਾ ਦੇਂਦੀ ਹੈ। ਬੜਾ ਔਖਾ ਹੈ-ਪ੍ਰਦੇਸ, ਉਹ ਸੋਚਦਾ ਹੈ।

(ਸਤਵਾਰਾ ਵਿਚੋਂ)

ਇਤਿਹਾਸਕ ਵਿਥਿਆਂ ਤੇ ਇਕ ਮਿਲਗੋਭਾ ਜਿਹਾ ਤੱਤ ਪੈਦਾ ਹੋ ਹੀ ਜਾਂਦਾ ਹੈ। ਏਸੇ ਕਾਰਣ ਹਿਸਟੋਰੀਅਨ ਫਰਾਉਡ ਨੇ ਕਿਹਾ ਹੈ ਕਿ ਤਵਾਰੀਖ ਕਦੇ ਸਾਇੰਸ ਨਹੀਂ ਬਣ ਸਕਦੀ। ਕੋਈ ਘਟਨਾ ਸਾਡੀਆਂ ਅੱਖਾਂ ਅਗੇ ਵਾਪਰੇ ਤੇ ਅਸੀਂ ਉਸ ਨੂੰ ਕਿਸੇ ਦੂਸਰੇ ਨੂੰ ਸੁਨਾਣ ਲਗੀਏ, ਪੂਰੀ ਈਮਾਨਦਾਰੀ ਤੇ ਸਚਾਈ ਨਾਲ ਤਾਂ ਵੀ ਸਾਡੇ ਦੋਹਰਾਣ ਤੇ ਸਹੀ ਬਿਆਨ ਵਿਚ ਛੋਟੀ ਤੋਂ ਛੋਟੀ ਤ੍ਰੁਟੀ ਦੇ ਫਲਸਰੂਪ ਕੁਢਨਾ ਕੁਝ ਤੁਕਾਂ ਤੇ ਸਲਾਹ, ਕੁਝ ਅਸਚਰਜਤਾ ਦੀ ਪੁਠ ਤੇ ਕੁਝ ਅਧਿਆਤਮਕ ਤੇ ਆਧੁਨਿਕ ਫੇਰ ਵਿਚ ਗੱਲ ਉੱਚੀ ਨੀਵੀਂ ਹੋ ਹੀ ਜਾਂਦੀ ਹੈ। ਉਸ ਨੂੰ ਕਿਸੇ ਤਰਾਜ਼ੂ ਵਿਚ ਜਿਉਂ ਦੀ ਤਿਉਂ ਤੋਲਿਆ ਨਹੀਂ ਜਾ ਸਕਦਾ।

(ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਿਚੋਂ)



Sri Satguru Jagjit Singh Ji Elibrary NamdhariElibrary@gmail.com

ਮਾਤਾ ਭਾਨੀ .... "ਮੈਂ ਝੋਲੀ ਵਿਚ ਪਾਂਦੀ ਹਾਂ ਆਪਣੇ ਬੱਚੇ ਲਈ ਇਹ ਸਜਾਵਾਂ ਤਾਂ ਕਿ ਹੋਰਨਾਂ ਬੱਚਿਆਂ ਦੀਆਂ ਮਾਵਾਂ ਨੂੰ ਦੁੱਖ ਨਾਂ ਦੇਖਣੇ ਪੈਣ। ਮੈਨੂੰ ਦਿਖ ਗਿਆ ਹੈ ਮੇਰਾ ਪੋਤਰਾ, ਜੇਲ, ਦੀ ਕੋਠਰੀ ਵਿਚ ਬੰਦ, ਸਾਹ ਘੋਟੂ ਵਾਤਾਵਰਣ ਵਿਚ ਕੈਦੀ। ਉਹਦਾ ਮਨ-ਮੋਹਣਾ ਰੂਪ ਤਕੱਦੀ ਹਾਂ, ਉਹਦਾ ਜਾਹੋ ਜਲਾਲ ਦੇਖਦੀ ਹਾਂ, ਉਸ ਵਲ ਤੱਕ ਤੱਕ ਸੀਤਲ ਹੁੰਦੀ ਹਾਂ ਪਰ ਉਸਦੀ ਜੇਲ੍ਹ, ਯਾਤਰਾ ਵਿਚ ਜ਼ੰਜੀਰਾ ਵਿਚ ਜਕੜੇ 52 ਰਾਜਿਆਂ ਦੀ ਰਿਹਾਈ ਤਕਦੀ ਹਾਂ। ਜਿੱਥੇ ਆਪਣੇ ਬੱਚੇ ਦੀ ਜਰਨ ਸ਼ਕਤੀ ਦੇਖਦੀ ਹਾਂ, ਤੱਤੇ ਤਵੇ ਤੇ ਬੈਠ ਓਹਦੇ ਭਾਣਾ ਮੰਨਣ ਦੇ ਗੀਤ ਸੁਣਦੀ ਹਾਂ "ਤੇਰਾ ਕੀਆ ਮੀਠੇ ਲਾਗੇ" ਦੀ ਰੁਹਾਨੀਅਤ ਸਮਝਦੀ ਹਾਂ। ਉਥੇ ...."

(ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਿਚੋਂ)

ਓਹ ਵੀ ਜਿਹੜਾ "ਮੋਹ ਗ੍ਰਿਹਿ ਤੇ ਮਨ ਤੇ ਤਨ ਤੇ ਸਿਰ ਲਉ ਧਨ ਹੈ ਸੱਭ ਹੀ ਇਨਹੀ ਕੋ" ਗਾਏਗਾ ਜਿਹੜਾ ਆਪਣੇ ਚਾਰੇ ਬੱਚੇ ਪਿਤਾ ਮਾਤਾ ਸਭ ਨੂੰ ਵਾਰ ਦੇਵੇਗਾ, ਦਰਬਾਰ ਨੂੰ ਐਸ਼ਵਰਜਾਂ ਨੂੰ, ਭਸਮਾ ਦੀ ਢੇਰੀ ਸਮਝ ਕੇ ਹੁਕਮ ਦੇਵੇਗਾ। ਇਕੱਲਾ ਹੀ ਨਿਧੜਕ ਹੋ ਕੇ, ਇੱਟ ਨੂੰ ਸਰਹਾਣਾ ਬਣਾਕੇ ਮਾਛੀਵਾੜੇ ਦੇ ਜੰਗਲਾਂ ਵਿਚ ਸੌਵੇਂਗਾ। ਪਰਿੰਦਿਆਂ ਦੇ ਗੀਤ ਵਿਚੋਂ ਆਸਾ ਦੀ ਵਾਰ ਦਾ ਗੀਤ ਸੁਣੇਗਾ। ਸੁਨਸਾਨ ਨੂੰ ਦੇਖ ਕੇ ਉਹਦੇ ਵਿਚ ਅਨੰਦਪੁਰ ਦੇ ਦੀਵਾਨਾਂ ਦੀ ਰੌਣਕ ਤਕੇਗਾ।.....

ਫੁੱਲੀ ਨਹੀਂ ਸਮਾਵਾਂਗੀ, ਗਿਠ ਗਿਠ ਉੱਚੀ ਉਡਦੀ ਫਿਰਾਂਗੀ ਕਿ ਆਪਣਾ ਸਭ ਕੁਝ ਵਾਰ ਕੇ ਉਹ ਦੇਸ਼ ਨੂੰ ਜਿਵਾਲ ਦੇਵੇਗਾ। ਉਸ ਦੀਆਂ ਵਾਰਾਂ ਸੁਣ ਸੁਣਕੇ ਬੱਚਿਆਂ ਦੀਆਂ ਰਗਾਂ ਵਿਚ ਖੂਨ ਉਛਾਲੇ ਮਾਰੇਗਾ। ਵਡਿਆਂ ਦੇ ਡੌਲੇ ਫਰਕਣਗੇ। ਦੇਸ਼ ਦੀ ਅਜ਼ਾਦੀ ਲਈ ਸਦਕੇ ਹੋ ਜਾਣਗੇ, ਪਰਵਾਨਿਆਂ ਵਾਂਗ ਤਿੜ ਤਿੜ ਸੜ ਜਾਣਗੇ।......

ਹੁਣ ਸੀ ਤੱਵਜੋ ਗੁਰਬਾਣੀ ਦੇ ਅਰਥਾਂ ਵਲ ਤੇ ਉਪਦੇਸ਼ਾਂ ਵੱਲ, ਚਾਲ ਚਲਣ ਦੀ ਬੁਲੰਦੀ ਵਲ ਹੌਸਲੇ ਵਲ, ਹਿੰਮਤ ਵਲ, ਮਰ ਮਿਟਣ ਵਲ, ਜ਼ੁਲਮ ਦੇ ਮੇਟਣ ਵਲ, ਤਾਕਤ ਦੀ ਬਖਸ਼ਸ਼ ਵੱਲ, ਤੇਜ ਵੱਲ, ਦੇਗ ਵੱਲ, ਬਹਾਦਰੀ ਵੱਲ ਤੇ ਲਹੂ ਗਰਮਾਣ ਵਲ। ਗੁਰੂ ਹਰਰਾਏ ਜੀ ਨੇ ਹੁਕਮ ਦਿੱਤਾ ਸੀ ਕਿ ਮਾੜੇ ਕੰਮਾ ਤੋਂ ਪਰਹੇਜ਼ ਕਰੋ "ਸ਼ੁਭ ਕਰਮਨ ਤੇ ਕਬਹੂ ਨਾ ਟਰੋ। ਗੁਰੂ ਹਰਕਿਸ਼ਨ ਜੀ ਨੇ ਫੁਰਮਾਇਆ ਸੀ "ਸ੍ਰੀ ਗੁਰੂ ਗ੍ਰੰਥ ਪ੍ਰਥਮ ਬਖਾਨਾ, ਸਤਿਨਾਮ ਮਹਿਮਾ ਮਹਾਨਾਂ।" ਗੁਰੂ ਤੇਗ ਬਹਾਦਰ ਬੋਲਿਆ "ਧਰ ਪਈਏ ਧਰਮ ਨਾ ਛੋਡੀਏ, ਬਾਹਿ ਜਿਨ੍ਹਾਂ ਦੀ ਪਕੜੀਏ ਸਿਰ ਦੀਜਹਿ ਬਾਹਿ ਨ ਛੋੜੀਏ।" (ਭੱਟ ਚਾਂਦ) ਗੁਰੂ ਕਲਗੀਧਰ ਦਾ



Sri Satguru Jagjit Singh Ji Elibrary NamdhariElibrary@gmail.com

ਹੁਕਮ ਸੀ ਆਤਮਾ ਗੁਰੂ ਗ੍ਰੰਥ ਵਿਚ ਸਰੀਰ ਪੰਥ ਵਿਚ, ਪਰਚਾ ਸ਼ਬਦ ਦਾ ਦੀਦਾਰ ਖ਼ਾਲਸੇ ਦਾ ਓਟ ਅਕਾਲ ਦੀ।"

(ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਿਚੋਂ)

ਐਸੇ ਹੀ ਵਾਤਾਵਰਣ ਵਿਚ ਗੁਰੂ ਨਾਨਕ ਦੇ ਕਲਾਤਮਕ ਮਨ ਨੂੰ ਇਕ ਹੁਲਾਰਾ ਮਿਲਿਆ। ਜਗਤ ਕੇ ਮਾਲਕ ਦੇ ਇਕ ਪ੍ਰਤੀਕ ਜਗਨ ਨਾਥ ਦੀ ਮੂਰਤੀ ਦਾ ਅਜਿਹਾ ਸਨਮਾਨ ਹੁੰਦਾ ਵੇਖ ਉਹਦੇ ਦਿਲ ਦੀਆਂ ਗਹਿਰਾਈਆਂ ਵਿਚੋਂ, ਉਹਦੀ ਅਸਮਾਨੀ ਛੋਹ ਵਿਚੋਂ ਇਕ ਹੋਰ ਕਵਿਤਾ ਨੇ ਜਨਮ ਲਿਆ, ਇਕ ਹੋਰ ਆਰਤੀ ਰਚੀ ਗਈ। ਇਕ ਵਿਸ਼ਾਲਤਾ ਨੇ ਰੂਪ ਧਾਰਿਆ, ਤੀਖਣ ਬੁੱਧੀ ਨੇ ਇਕ ਉਛਾਲਾ ਖਾਧਾ, ਉਹਦੀ ਪਾਕ ਪਵਿਤਰ ਆਤਮਾ ਨੇ ਨਵਖੰਡ ਦੇ ਦਰਸ਼ਨ ਜਾ ਕੀਤੇ। ਉਹਦੀਆਂ ਅਖੀਆਂ ਅਗੇ ਤਲਿਸਮ ਰੂਪਮਾਨ ਹੋ ਗਿਆ, ਪ੍ਰਭੂ ਦੀ ਪ੍ਰਿਤਮਾ ਦਾ, ਜਗਤ ਦੇ ਮਾਲਕ ਦਾ ਅਪਾਰ ਅਨੂਪ ਰੂਪ ਉਹਦੀਆਂ ਅਖੀਆਂ ਨੂੰ ਚੁੰਧਿਆ ਗਿਆ। ਤਾਰ ਜੁੜ ਗਏ ਤੇ ਆਤਮਾ ਦੀ ਕਵਿਤਾ ਨੇ ਇਕ ਨਵਾਂ ਸ਼ਬਦ ਆਪ ਮੁਹਾਰੇ ਉਚਾਰ ਦਿੱਤਾ–ਜਗਨ ਨਾਥ ਦੇ ਪ੍ਰਤੀਕ ਸਬੰਧੀ ਨਹੀਂ, ਜਗਨ ਨਾਥ ਨੂੰ ਹੀ ਸੰਬੋਧਨ ਕਰਕੇ ਗਾਣ ਲਗ ਪਿਆ, ਆਰਤੀ ਕਰਨ ਲਗ ਪਿਆ। ਉਸੇ ਤਰ੍ਹਾਂ ਥਾਲ ਲਿਆ ਸੁ ਪਰ ਬਹੁਤ ਵਿਸ਼ਾਲ ਥਾਲ—

(ਇਕ ਅਦਭੁਤ ਆਰਤੀ ਵਿੱਚੋਂ)

ਤੇ ਕੀ ਮੰਗਿਆ ਹੈ ? ਰਣ ਤੱਤਾ ਹੋਵੇ ਘਮਸਾਨ ਦੀ ਲੜਾਈ ਹੋਵੇ। ਇਕ ਪਾਸੇ ਸੱਚ ਹੋਵੇ ਤੇ ਮੁਕਾਬਲਾ ਕਰ ਰਿਹਾ ਹੋਵੇ ਝੂਠ ਦਾ, ਦਗ਼ੇਬਾਜ਼ੀ ਦਾ, ਤੇ ਐਸੇ ਵਾਤਾਵਰਣ ਵਿਚ ਇਕੋ ਚਾਹ ਹੈ ਕਿ ਸ਼ਸ਼ਤਰਾਂ ਦੇ ਨਾਲ "ਮੈਂ" ਸਜਿਆ ਹੋਇਆ, "ਮੈਂ" ਜੂਝ ਕੇ ਮਰ ਜਾਵਾਂ, ਸੰਤਾਂ ਦੀ ਸਹਾਇਤਾ ਲਈ, ਦੀਨਾਂ ਦੀ ਰਖਿਆ ਵਾਸਤੇ, ਦੇਗ ਤੇਗ ਫ਼ਤਹ ਦੀ ਲਲਕਾਰ ਵਾਸਤੇ, ਭੁੱਖੇ ਦੀ ਭੁੱਖ ਮਿਟਾਣ ਵਾਸਤੇ, ਮੈਂ ਲੜ ਮਰਾਂ ਸ਼ਿਆਮ। ਬਸ ਕ੍ਰਿਪਾ ਕਰਕੇ ਮੇਰੇ ਨਾਲ ਸੱਚਾ ਇਕਰਾਰ ਕਰੀਂ, ਪੂਰਾ ਵਾਇਦਾ ਕਰੀਂ ਕਿ ਮੇਰੀ ਇਹ ਬੇਨਤੀ ਮੰਨ ਲਈਂ। ਹੋਰ ਜੋ ਤੇਰੇ ਚਿਤ ਆਵੇ ਕਰ ਲਈਂ। ਮੈ ਹੋਰ ਦੁਨੀਆ ਵਿਚ ਕਿਸੇ ਚੀਜ਼ ਦੀ ਇਛਾ ਨਹੀਂ ਰੱਖਦਾ। ਮੈਂ ਮੰਗਣ ਵਾਲਾ ਨਹੀਂ ਮੇਰੇ ਪਾਸ ਜੋ ਕੁਝ ਵੀ ਹੈ–ਤਨ ਮਨ ਧਨ ਉਹ ਸਾਰੇ ਵਤਨ ਦੇ ਗਰੀਬਾਂ ਅਤੇ ਬੇਸਹਾਰਿਆਂ ਤੇ ਲੁਟਾ ਦੇਣ ਲਈ ਪੈਦਾ ਹੋਇਆਂ ਹਾਂ।

ਇਕ ਅਦਭੁਤ ਆਰਤੀ ਵਿਚੋਂ

ਉਸਨੇ ਆਸਤਕ ਨਾਸਤਕ ਤੇ ਯੋਗੀ ਦੇ ਭੇਸ ਬਦਲੇ ਪਰ ਅਖ਼ੀਰ ਵਿਚ ਟੁੰਬਿਆਂ ਗਿਆ ਗੁਰੂ ਗ੍ਰੰਥ ਸਾਹਿਬ ਦੇ ਪਿਆਰ ਦੇ ਵਲਵਲਿਆਂ ਨਾਲ, ਵਾਹਿਗੁਰੂ



Sri Satguru Jagjit Singh Ji Elibrary NamdhariElibrary@gmail.com

ਕੀ ਸਿੱਕ ਨਾਲ, ਅੱਲਾ ਦੀ ਹੋਂਦ ਦੇ ਮੁਤੱਲਕ, ਗੀਤ ਗਾਣ ਦੇ ਰੁਝਾਨ ਨਾਲ, ਭਗਤੀ ਦੇ ਰੰਗ ਨਾਲ ਤੇ ਪਿਆਰ ਦੇ ਸੌਦਿਆਂ ਨਾਲ। ਬਸ ਜੁੜਨ ਲਗ ਪਿਆ, ਉਸ ਦਾ ਮਨ ਮਿੱਠੇ ਮਿੱਠੇ ਭਜਨਾਂ ਨਾਲ, ਪ੍ਰਭੂ ਦੇ ਸੰਦੇਸ਼ਿਆਂ ਨਾਲ, ਕਾਵਿਕ ਸਮੁੰਦਰ ਨਾਲ, ਸੱਚ ਦੇ ਚੰਦਰਮੇਂ ਨਾਲ, ਰਤਨ ਪਦਾਰਥਾਂ ਨਾਲ। ਉਹ ਜੁੜਦਾ ਗਿਆ। ਸਾਚੀ ਬਾਣੀ ਨਾਲ ਜਿਉਂ ਜਿਉਂ ਜੁੜੇ ਉਸਦੀ ਬਿਰਤੀ-ਤਿਉਂ ਤਿਉਂ ਪ੍ਰੇਰਿਆ ਜਾਣ ਲਗ ਪਿਆ-ਰੰਗ ਤੋਂ ਉਪਰ ਜਾਕੇ ਖੁਸ਼ਬੂ ਲੈਣ ਵਿਚ। ਬਾਣੀ ਉਸ ਦੀ ਆਤਮਾ ਨੂੰ ਰੰਗਦੀ, ਖੁਸ਼ਬੂ ਵਾਸਤੇ ਓਹ ਬੇਹਬਲ ਹੋ ਗਿਆ। ਨਾਲੀਆਂ ਦੀਆਂ ਸਫ਼ਾਈਆਂ ਵਲ, ਗੰਦਗੀ ਦੇ ਢੇਰ ਸਾੜਨ ਵਲ ਓਹ ਰੁੱਝ ਗਿਆ ਤੇ ਇਹ ਕੰਮ ਕਰਦਿਆਂ....

(ਭਗਤਿ ਪੂਰਨ ਸਿੰਘ ਵਿਚੋਂ)

ਜਰਨੈਲ ਗੋਬਿੰਦ ਸਿੰਘ "ਗੁਰੂ" ਗੋਵਿੰਦ ਸਿੰਘ ਭੀ ਸੀ। ਬੋਲ ਉਠਿਆ ਸ਼ਾਬਾਸ਼ ਭਾਈ ਕਨ੍ਹਈਆ ਸਿੱਖੀ ਤੂੰ ਸਮਝੀ ਹੈ। ਐਹ ਲੈ ਮਲ੍ਹਮ ਦੀ ਡੱਬੀ ਵੀ। ਪਿਲਾਈ ਜਾ ਪਾਣੀ...ਸਭਨਾਂ ਨੂੰ.....ਬਗੈਰ ਵਿਤਕਰੇ ਦੇ। ਤੇ ਨਾਲ ਮਲ੍ਹਮ ਵੀ ਲਗਾਈ ਜਾਈਂ....ਬਗੈਰ ਵਿਤਕਰੇ ਦੇ ਸਿੱਖ ਭੀ ਜਿਵਾਈ ਜਾ ਤੇ ਤੁਰਕ ਭੀ ਸੁਰਜੀਤ ਕਰੀ ਜਾ। ਉਹਨਾਂ ਦੋਹਾਂ ਨੂੰ ਭਿੜਨ ਦੇ ਆਪਸ ਵਿਚ ਤੇ ਘਾਵ ਲਗਾਈ ਜਾਣ ਦੇ ਪਰ ਤੂੰ ਪਿਆਸ ਮਿਟਾਈ ਜਾ ਪਿਆਸਿਆਂ ਦੀ, ਸਿੱਖਾਂ ਦੀ, ਮੁਸਲਮਾਨਾਂ ਦੀ, ਜਵਾਨਾਂ ਦੀ, ਜਰਨੈਲਾਂ ਦੀ। ਪੀੜ ਭੀ ਮਿਟਾਈ ਚੱਲ ਦੋਹਾਂ ਧਿਰਾਂ ਦੀ, ਅੱਖਾਂ ਮੀਟ ਕੇ.......ਤੇਰਾ ਨਾਂ ਹਮੇਸ਼ਾ ਹਮੇਸ਼ਾ ਜ਼ਿੰਦਾ ਰਹੇਗਾ, ਇਕ ਰਹਿਮ ਦਿਲ ਇਨਸਾਨ ਦੇ ਰੁਤਬੇ ਵਿਚ, ਮਹਾਨ ਆਤਮਾ ਦੇ ਚੋਲੇ ਵਿਚ।

(ਭਾਈ ਕਨ੍ਹਈਆ ਵਿਚੋਂ)

ਪਿਛਲੇ ਚਾਰ ਸਾਲਾਂ ਤੋਂ ਪੰਜਾਬ ਦੇ ਵਿਚ ਧੂਣੀ ਧੁਖਦੀ ਰਹੀ ਹੈ। ਅੱਜ ਕੁੱਝ ਕਲ ਕੁੱਝ। ਮਿੱਠੇ ਮਿੱਠੇ ਗੀਤਾਂ ਵਾਲੇ, ਜਗਦੀਆਂ ਜੋਤਾਂ ਵਾਲੇ, ਝੰਡਿਆਂ ਤੇ ਬੁੰਗਿਆਂ ਵਾਲੇ ਸ਼ਹਿਰ.......ਛੇ ਮਹਾਨ ਸਰੋਵਰਾਂ ਵਾਲੇ ਸ਼ਹਿਰ.......ਰਾਮਦਾਸ, ਸਰੋਵਰ ਜੋ ਕਿ ਸੰਸਾਰ ਭਰ ਦੇ ਵਸਨੀਕ ਸਿੱਖਾਂ ਦਾ ਲੋਕ ਪ੍ਰਲੋਕ ਵਿਚ ਆਤਮਿਕ ਕੇਂਦਰ ਹੈ ਤੇ ਜਿਸ ਦੇ ਬਨਣ ਤੇ

ਛਾਇਆ ਪ੍ਰਭਿ ਛਤ੍ਰਪਤਿ ਦੀਨੀ
ਸਗਲੀ ਤਪਤ ਬਿਨਾਸੀ ਰਾਮ॥
ਦੂਖ ਪਾਪ ਕਾ ਡੇਰਾ ਢਾਠਾ
ਕਾਰਜ ਆਇਆ ਰਾਸੀ ਰਾਮ॥

ਰਾਮਸਰ ਜਿਸ ਦੇ ਕੰਢੇ ਤੇ ਧੁਰ ਕੀ ਬਾਣੀ ਆਉਂਦੀ ਰਹੀ ਤੇ ਲਿਖੀ ਜਾਂਦੀ



Sri Satguru Jagjit Singh Ji Elibrary NamdhariElibrary@gmail.com

ਰਹੀ ਹੈ। ਸੰਤੋਖ ਸਰ ਜਿਥੇ ਸਤ ਸੰਤੋਖ ਦੀ ਬਰਖਾ ਹੁੰਦੀ ਰਹੀ ਹੈ।

ਬਿਬੇਕਸਰ ਜਿਥੇ ਗਿਆਨ, ਬਿਬੇਕ ਤੇ ਵਿਚਾਰ ਸੁਲਾਹ-ਕੁਲਤਾ ਦੇ ਦਰ ਖੋਹਲਦੇ ਰਹੇ ਹਨ ਕੌਲ ਸਰ ਜਿਥੇ - ਮੱਤ ਤੋਂ ਉਤਾਂਹ ਕੇਵਲ ਸ਼ਰਧਾ ਤੇ ਚਰਨਾਂ ਦੀ ਟੇਕ ਹੀ ਰਾਜ ਕਰਦੀ ਹੈ।

ਲਛਮਨਸਰ ਜਿਥੇ ਪਵਨ ਤੇ ਪਾਣੀ ਦਾ ਮੇਲ ਮਨਦੀ ਜਵਾਰ-ਭਾਟਾ ਨੂੰ ਨੀਂਦ ਦੀ ਰਾਹਤ ਦੇਂਦਾ ਹੈ।

ਸ਼ਹੀਦਾਂ ਦੇ ਸਥਾਨਾਂ ਵਾਲੇ ਇਸ ਸ਼ਹਿਰ ਵਿਚ, ਜਿਥੇ ਅਸੂਲ ਖ਼ਾਤਰ ਸਿਰਾਂ ਦੀਆਂ ਬਾਜ਼ੀਆਂ ਲਗਦੀਆਂ ਰਹੀਆਂ ਹਨ........ਸੰਤਾਂ ਤੇ ਮਹੰਤਾਂ ਵਾਲੇ ਸ਼ਹਿਰ ਜਿਥੇ ਰਾਤ ਦਿਨ ਕਵਿਤਾ ਤੇ ਰਾਗ ਦਾ ਹੜ ਵਗਦਾ ਰਿਹਾ ਹੈ.......ਇਸ ਇਲਾਕੇ ਵਿਚ ਭੀ ਬੇਚੈਨੀ ਰਹੀ ਹੈ

(ਵਿਸ਼ਾਲਤਾ ਤੇ ਸਿੱਖ ਧਰਮ ਵਿਚ ਸਮਵੇਂਤੇ ਦੀ ਭਾਵਨਾ ਵਿਚੋਂ)

................ ................ ................ ................ ................ ................

ਰਤਨਾ ਰਤਨ ਪਦਾਰਥ - ਕਵਿਤਾ ਨਾਨਕ ਸ਼ਾਇਰ ਦੀ ਵਿਚੋਂ

ਗੁਰੂ ਗ੍ਰੰਥ ਸਾਹਿਬ ਵਿਚ ਦਰਸ਼ਨ ਤਾਂ ਹੈ ਹੀ। ਪ੍ਰਭੂ ਦੇ ਮੁਤਲੱਕ ਗੱਲਾਂ, ਉਸ ਨੂੰ ਪਕੜ ਵਿਚ ਲਿਆਉਣ ਦੇ ਸਾਧਨ, ਉਸ ਨਾਲ ਇਕ ਮਿਕ ਹੋ ਜਾਣ ਲਈ ਜੁਗਤੀਆਂ ਤੇ ਕਦਮਾਂ ਦੇ ਨਕਸ਼ ਪਰ (ਮੈਕਾਉਲਫ ਤੇ ਮਿਸ ਡੋਰੋਥੀ ਸਮਿਥ) ਵਰਗਿਆਂ ਨੇ ਸਿੱਖ ਮਤ ਰਾਹੀਂ ਧਰਮ ਦੇ ਇਤਿਹਾਸ ਵਿਚ ਇਕ ਨਿਖੜਵਾਂ ਤੇ ਅਲੌਕਿਕ ਚਮਤਕਾਰ ਤਕਿਆ ਹੈ। ਜਿਹੜੇ ਇਸ ਬਾਣੀ ਸਮੁੰਦਰ ਵਿਚ ਰੋਜ਼ ਡੁਬਕੀਆਂ ਲਗਾਂਦੇ ਹਨ, ਉਨ੍ਹਾਂ ਦੇ ਤਨ ਮਨ ਤੇ ਆਤਮਾ ਖਿੜੇ ਨੇ ਜਿਨ੍ਹਾਂ ਨੇ ਇਸ ਫ਼ਲਸਫ਼ੇ ਨੂੰ ਕਮਾਇਆ ਹੈ, ਆਪਣਾ ਜੀਵਨ ਦਸੇ ਗਏ ਰਾਹ ਤੇ ਢਾਲਿਆ ਹੈ। ਉਹ ਵਿਸਮਾਦੀ ਹੋ ਗਏ ਹਨ......ਪ੍ਰਭੂ ਦੀ ਅਸਚਰਜਤਾ ਦੇਖ ਕੇ...ਭਾਲ ਕੇ। ਬੂਟੇ ਵਿਚ ਅਗਨੀ ਹੁੰਦੀ ਹੈ, ਪਰ ਫੇਰ ਵੀ ਫੁਲਦਾ ਫਲਦਾ ਹੈ, ਕਰੂੰਬਲਾਂ ਨਿਕਲਦੀਆਂ ਹਨ। ਹਸਦਾ ਹਸਦਾ ਲਗਦਾ ਹੈ।

ਸਾਗਰ ਅਥਾਹ ਹੈ ਪਰ ਉਹ ਵੀ ਹਾਜ਼ਰੀ ਵਿਚ ਬੱਧਾ......ਕੁਦਰਤ ਦੇ ਅਸੂਲ ਵਿਚ ਇਕ ਅਨੁਸਾਸ਼ਨ ਅੰਦਰ ਕਾਰ ਕਰਦਾ ਹੈ ਤੇ ਫਿਰ :-

"ਕੁਦਰਤਿ ਦਿਸੈ ਕੁਦਰਤਿ ਸੁਣੀਐ,<br>
ਕੁਦਰਤਿ ਭਉ ਸੁੱਖ ਸਾਰੁ,<br>
ਕੁਦਰਤਿ ਪਾਤਾਲੀ ਆਕਾਸੀ,<br>
ਕੁਦਰਤਿ ਸਰਬ ਆਕਾਰ......."

ਇਨਸਾਨ ਨੇ ਇਹੋ ਅਨੁਸਾਸ਼ਨ ਅਪਣਾਨਾ ਹੈ ਤੇ ਵਿਸ਼ਾਲ ਕੁਦਰਤ ਦੀ ਦੁਨੀਆਂ ਨਾਲ ਰਲ ਮਿਲ ਬਹਿਣਾ ਹੈ...ਨਿਬਾਤਾਤੀ ਦੁਨੀਆਂ.....ਫੁੱਲਾਂ ਫਲਾਂ ਦੀ



Sri Satguru Jagjit Singh Ji Elibrary NamdhariElibrary@gmail.com

ਰੰਗੀਨ ਦੁਨੀਆਂ.....ਰੰਗਾ ਰੰਗ ਦੇ, ਅਸਮਾਨ ਵਿਚ ਉੱਡਨ ਵਾਲੇ ਪ੍ਰਿੰਦਿਆਂ ਦੀ ਦੁਨੀਆਂ.....ਮਿੱਠੇ ਬੋਲਾਂ ਦੀ ਦੋਨੀਆਂ। ਖੂਬਸੂਰਤ ਜਾਨਵਰਾਂ ਦੀ ਦੁਨੀਆਂ, ਜਿਨ੍ਹਾਂ ਨੂੰ ਪਕੜ, ਪਾਲਤੂ ਬਣਾਨ ਵਾਸਤੇ ਇਨਸਾਨ ਦਾ ਜੀਅ ਲੋਚਦਾ ਹੈ ਤੇ ਸੁੰਦਰਤਾ ਦੀ ਬੇ-ਮਿਸਾਲ ਦੁਨੀਆਂ। ਕੁਦਰਤ ਦੇ ਵਖੋ ਵਖਰੇ ਅੰਗ ਪਹਾੜ ਤੇ ਸਮੁੰਦਰ........ਝੀਲਾਂ ਤੇ ਆਬਸ਼ਾਰਾਂ ਤੇ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਨਾਲ ਸੁਰਤ ਲਗਾਣਾ.....ਰੰਗ ਜਮਾਣਾ ਸਭੋ ਇਕ ਮਾਲਾ ਦੇ ਮਣਕਿਆਂ ਵਾਂਗ ਸਮਝਣਾ ਤੇ ਉਨ੍ਹਾਂ ਵਿਚ ਰਹਿ ਕੇ ਦੇਹੀ ਨੂੰ ਪਾਲਣਾ। ਦੇਹੀ ਤੋਂ ਨੱਠਣਾ ਨਹੀਂ ਡਰਨਾ ਨਹੀਂ। ਜੀਣਾ.... ਜੀਅ ਭਰ ਕੇ ਜੀਣਾ, ਪਰ ਕਦਰਾਂ ਕੀਮਤਾਂ ਦੇ ਸ਼ਨਾਸੀ ਹੋ ਕੇ......ਉੱਚੇ ਪਧਰ ਤੇ ਰਹਿ ਕੇ ਜਿਥੇ ਆਦਰਸ਼ ਜੀਵਨ ਦੀ ਪ੍ਰਲਭਤਾ ਹੀ ਮਨੋਰਥ ਹੋਵੇ, ਜਿਥੇ "ਦੇਗ ਤੇਗ ਫਤਹ ਨੁਸਰਤ ਬੇਦਰੰਗ", ਅਸੂਲ ਹੋਵੇ ਮਾੜੇ ਨੂੰ ਕਿਸੇ ਜਾਬਰ ਦਾ ਵਾਰ ਨਾਂਹ ਸਹਿਣ ਦਿੱਤਾ ਜਾਵੇ, ਭੁੱਖ ਹੱਥੋਂ ਕਿਸੇ ਨੂੰ ਤੰਗ ਨਾਂਹ ਹੋਣ ਦਿੱਤਾ ਜਾਵੇ "ਅਸੰਖ ਜਪੁ ਅਸੰਖ ਭਾਉ" ਭੀ ਹੋਣ ਤੇ "ਅਸੰਖ ਚੋਰ ਹਰਾਮ ਖੋਰ" ਦੇ ਭਾਰ ਭਾਉ ਲਈ ਭੀ ਇਸ ਦੁਨੀਆਂ ਵਿਚ ਬਰਦਾਸ਼ਤ ਦੀ ਥਾਂ ਕੀਤੀ ਜਾਵੇ। ਏਸ ਖਿਆਲ ਨਾਲ ਕਿ ਇਸ ਅਧੋਗਤੀ ਵਿਚੋਂ ਕੱਢਣਾ ਹੈ.....ਗੁਰੂ ਦੇ ਸਿੱਖ ਨੇ ਗੁਰੂ ਦੇ ਮਾਰਗ ਤੇ ਚਲ ਕੇ, ਉਸ ਦੇ ਦਰਸ਼ਨ ਵਿਚ ਆਪਣੇ ਆਪ ਨੂੰ ਢਾਲ ਕੇ।

ਐਸਾ ਦਰਸ਼ਨ ਹੈ ਗੁਰੂ ਗ੍ਰੰਥ ਸਾਹਿਬ ਵਿਚ,......ਪ੍ਰਭੂ ਸਬੰਧੀ ਇਸ਼ਾਰੇ ਇਸ਼ਾਰੇ ਦੇ ਕੇ ਉਸ ਨੂੰ ਮਿਲਣ ਲਈ ਚਾਅ ਵੀ ਪੈਦਾ ਕੀਤਾ ਗਿਆ ਹੈ....ਪਰ ਜੋ ਆਖਿਆ ਹੈ ਉਹ ਕੇਵਲ ਸੱਚ ਦੀ ਬਾਣੀ ਵਿਚ ਹੀ ਨਹੀਂ ਆਖਿਆ ਗਿਆ.....ਰੂਪਕ ਕਲਾ ਨਾਲ ਸਜਾ ਕੇ ਆਖਿਆ ਹੈ। ਸਾਰੀ ਕਾਇਨਾਤ ਦਾ ਰਚਨ ਹਾਰਾ ਇਸ ਰਚਨਾ ਨਾਲ ਇਕ-ਮਿਕ ਕਰ ਦਿੱਤਾ ਹੈ......"ਪੁਹਪ ਮਧੁ ਜਿਉਂ ਬਾਸੁ ਬਸਤੁ ਹੈ ਮੁਕਰਿ ਮਾਹਿ ਜੈਸੇ ਛਾਈ।"

ਸਾਡੀ ਸਮਾਜ ਨੂੰ ਉੱਲੀ ਲਗੀ ਪਈ ਸੀ ਜਿਸ ਵਕਤ ਗੁਰਦੇਵ ਨੇ ਇਸ ਨੂੰ ਸਜਾਨ ਸਵਾਰਣ ਦਾ ਕੰਮ ਹੱਥ ਵਿਚ ਲਿਆ। ਅੱਖਾਂ ਖੋਹਲਣ ਵਾਸਤੇ ਉਸ ਵਕਤ ਦੀ ਬੇ-ਪਨਾਹ....ਬੇ-ਇਨਸਾਫੀ ਤੇ ਲੁੱਟ-ਘਸੁੱਟ ਨੂੰ ਉਨ੍ਹਾਂ ਵਕਤਾਂ ਦੀ ਤਸਵੀਰ ਦਿਖਾਂਦਿਆਂ ਉਨ੍ਹਾਂ ਫੁਰਮਾਇਆ :-

"ਰਾਜੇ ਸੀਂਹ, ਮੁਕੱਦਮ ਕੁੱਤੇ।
ਜਾਇ ਜਗਾਇਨ ਬੈਠੇ ਸੁੱਤੇ।
ਚਾਕਰ ਨਹਦਾ ਪਾਇਨ ਘਾਉ।
ਰਤੁ ਪਿਤੁ ਕੁਤਿਹੋ ਚਟਿ ਜਾਹੁ।"

..... ...... ...... .......

"ਕਾਜੀ ਹੋਇ ਕੈ ਬਹੈ ਨਿਆਇ।

ਫੇਰੇ ਤਸਬੀ ਕਰੇ ਖ਼ੁਦਾਇ।
ਵੱਢੀ ਲੈ ਕੇ ਹੱਕ ਗਵਾਇ।
ਜੇ ਕੋ ਪੁਛੈ ਤਾ ਪੜ੍ਹ ਸੁਣਾਏ।"

ਦੁੱਖ ਤਾਂ ਇਹ ਹੈ ਲੁੱਟ-ਖਸੁੱਟ ਦੇ ਸ਼ਿਕਾਰ ਵੀ ਪ੍ਰਸਪਰ ਵਿਰੋਧੀ ਸਨ। ਇਕ ਜੁੱਟ ਹੋ ਕੇ ਡੱਟ ਕੇ ਮੁਕਾਬਲਾ ਕਰਨ ਦੇ ਅਸਮਰਥ....ਉਹ ਆਪੋ ਵਿਚ ਇਸ ਤਰ੍ਹਾਂ ਵੰਡੇ ਪਾਏ ਸਨ ਜਿਸ ਤਰ੍ਹਾਂ ਤਾਸ਼ ਦੇ ਪੱਤੇ ਪਰ ਇਸ ਛੋਟੇ ਜਹੇ ਮਜ਼ਮੂਨ ਵਿਚ ਸੁਨੇਹੇ ਦਾ, ਫਲਸਫ਼ੇ ਦਾ ਸਮਾਜਿਕ ਆਦਰਸ਼ਾਂ ਦਾ, ਅਸੀਂ ਓਨਾਂ ਰੂਪ ਨਹੀਂ ਨਿਖਾਰ ਰਹੇ ਜਿਤਨਾ ਉਸ ਬਾਣੀ ਦਾ ਜਿਸ ਵਿਚ ਇਹ ਸੁਨੇਹਾ ਦਿੱਤਾ ਗਿਆ ਹੈ। ਬਾਣੀ ਅਨਮੋਲ ਹੈ, ਬਾਣੀ ਅਸਰ ਕਰਦੀ ਹੈ, ਦਿਲ ਦੀ ਗਹਿਰਾਈਆਂ ਤਕ ਪਹੁੰਚਦੀ ਹੈ। ਮਾਨੀਆਂ ਦੇ ਹੰਕਾਰ ਤੋੜਦੀ ਹੈ। ਲੋਭੀਆਂ ਨੂੰ ਦੌਲਤ ਦੇ ਭੰਡਾਰਾਂ ਦੀ ਤੁਛਤਾ ਦਿਖਾਂਦੀ ਹੈ। ਸਾਰਾ 'ਆਦਿ ਗ੍ਰੰਥ' ਇਕ ਨਦੀ ਹੈ ਖ਼ੂਬਸੂਰਤੀ ਦੀ....ਕਾਵਿ-ਮਈ ਬੋਲੀ ਦੀ, ਸੰਗੀਤ-ਮਈ ਅਖਸਰਾਂ ਦੀ ਤੇ ਕੁਦਰਤ ਦੇ ਨਜ਼ਾਰਿਆਂ ਦੀਆਂ ਤਸਵੀਰਾਂ ਦੀ। ਗੁਰੂ ਗ੍ਰੰਥ ਦੀ ...'ਕੁਦਰਤ....ਕਵਿਤਾ' ਦਿਖਾਣ ਦਾ ਉਦਮ ਕਰੀਏ ਤਾਂ ਇਕ ਗਰੰਥ ਬਣਦਾ ਹੈ।

ਕਵੀ ਚਾਹੇ ਕੀਮਤਾਂ ਉਭਾਰੇ ਗਿਆਨ ਦੇਵੇ, ਅਨਖ ਲਈ ਜਗਾਵੇ.......ਕੁਝ ਹੋਵੇ ਮਖ ਦੇਂਦਾ ਹੈ। ਉਪਦੇਸ਼ ਨੂੰ ਦਿਲ ਵਿਚ ਖੋਭਣ ਲਈ, ਜਾਣ ਬੁਝ ਕੇ ਕੁਝ ਜੜ੍ਹਤ ਆਪਣੀ ਸੂਝ ਬੂਝ ਨਾਲ ਨਹੀਂ ਕਰਦਾ, ਉਸ ਨੂੰ ਰੱਬੀ ਦਾਤ ਬਖਸ਼ੀ ਗਈ ਹੈ। ਨਾਨਕ ਸ਼ਾਇਰ ਨੂੰ, ਬਾਣੀ ਰਚਨ ਵਾਲੀਆਂ ਸਭੋ ਹੀ ਜੋਤਾਂ ਵਿਚ ਇਹ ਬਖਸ਼ਿਸ਼ ਕੀਤੀ ਗਈ ਹੈ। ਸਦਾਚਾਰ ਉਸਾਰਦਿਆਂ ਉਹ ਅੰਮ੍ਰਿਤ ਦੇ ਘੁਟ ਵੀ ਪਿਲਾਂਦਾ ਹੈ। ਗੁਰੂ ਗ੍ਰੰਥ ਦੀ ਬਾਣੀ ਦਾ ਇਕ ਇਕ ਪੰਨਾ ਐਸੀ ਜੜ੍ਹਤ ਨਾਲ ਜੜ੍ਹਿਆ ਪਿਆ ਹੈ। ਥੋਹੜੇ ਜਿਹੇ ਭੂਸ਼ਨ ਕੱਢ ਕੇ ਦਿਖਾਣ ਦਾ ਉਪਰਾਲਾ ਇਸ ਮਜ਼ਮੂਨ ਵਿਚ ਕੀਤਾ ਗਿਆ ਹੈ। ਸਿਰਫ ਏਧਰੋ ਉਧਰੋਂ ਕਿਤੇ ਇਕ ਪੰਨੇ ਨੂੰ ਕਿਤੇ ਇਕ ਸ਼ਬਦ ਨੂੰ ਆਧਾਰ ਬਣਾ ਕੇ।

ਗੁਰਬਾਣੀ ਦਾ ਗਿਆਨ.....ਅਨੰਦ ਵਿਸਥਾਰ ਨਾਲ.....ਸਾਰੇ ਗੁਣ ਗਾਉਣਾ ਮੇਰੇ ਵਸ ਦੀ ਗੱਲ ਨਹੀਂ.....ਕਿਸੇ ਦੇ ਵਸ ਦੀ ਗੱਲ ਨਹੀਂ। ਥੋਹੜਾ ਜਿਹਾ ਸਾਹਿਤ ਇਸ ਮਜ਼ਮੂਨ ਤੇ ਸਿਰਜਿਆ ਗਿਆ ਹੈ। ਕੁਝ ਕੁਝ ਨੁਕਤੇ, ਵਖ ਵਖ..... ਲਾਇਕ ਲੇਖਕਾਂ ਨੇ ਫੜੇ ਹਨ.....ਵਿਸਥਾਰ ਲਈ।

ਜਿਸ ਤਰ੍ਹਾਂ ਬਾਣੀ ਪੜ੍ਹੀਏ ਜਾਂ ਗਾਈਏ ਉਸ ਵਿਚ ਫ਼ਰਕ ਹੈ। ਚੰਗੇ ਕੀਰਤਨੀਏ ਗਾਉਣ ਤਾਂ ਸਵਾਦ ਵਧਦਾ ਹੈ, ਅਰਥ ਸਮਝੀਏ ਤਾਂ ਸੋਨੇ ਤੇ ਸੋਹਾਗਾ ਹੈ ਪਰ ਜੇ ਡੀਕ ਲਾਕੇ ਬਾਣੀ ਦੀ ਖ਼ੂਬਸੂਰਤੀ ਜਾਂ ਰੰਗ ਦੇ ਅੰਮ੍ਰਿਤ ਨੂੰ ਪੀਣਾ ਚਾਹੀਏ ਤਾਂ ਵਿਆਖਿਆ ਤੋਂ ਉਤੇ.....ਕੰਨ-ਰਸ ਤੋਂ ਲੰਘ ਕੇ, ਇਕ ਸਟੇਜ ਹੈ ਤੇ



Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਕਿਤਾਬਾਂ ਦੀ ਸਫ਼ਾਰਸ਼ ਉਸ ਸਟੇਜ ਤੇ ਪਹੁੰਚਣ ਵਿਚ ਮਦਦ ਦੇਣ ਲਈ ਹੈ। ਖੂਬਸੂਰਤੀ ਦੀ ਹਰ ਸ਼ਕਲ ਨਾਲ ਬਾਣੀ ਵਿਚ ਪਿਆਰ ਦਿਸ ਰਿਹਾ ਹੈ। ਬਦਲਦੀਆਂ ਰੁੱਤਾਂ ਵਿਚ ਪ੍ਰਭੂ ਨਾਲ ਗਲਵਕੜੀਆਂ ਵਿਚ ਅਸਮਾਨ ਤੇ ਬੱਦਲਾਂ ਵਿਚ ਪ੍ਰਭੂ ਦੀ ਦਿਖ.....ਬਿਜਲੀ ਦੀ ਕੜਕ ਵਿਚ ਵਿਛੜੀ ਆਤਮਾ ਦਾ ਡਰ.....ਸੋਨੇ ਦੀ ਸੂਈ ਵਿਚ ਮੌਲਿਕ-ਦਰਸ਼ਨ.....ਚਾਂਦੀ ਦੇ ਧਾਗੇ ਵਿਚ ਪ੍ਰੇਮ ਦੀ ਤਾਰ.....ਸਾਰਾ ਗੁਰੂ ਗਰੰਥ ਸਾਹਿਬ ਪਿਆਰ ਦਾ ਸੋਮਾ ਹੈ। ਭਿੰਨੀ ਰੈਣ ਦਾ ਜ਼ਿਕਰ, ਤਾਰਿਆਂ ਦੇ ਚਮਕਨ ਦੇ ਬਿਆਨ, ਭਾਇ ਭਗਤੀ ਦੀ ਖ਼ੂਬਸੂਰਤੀ, ਮਿੱਠ-ਬੋਲੜੇ ਸੱਜਨ ਦੀ ਮੁਸਕਾਨ' ਅਨੰਦ ਦੇ ਬਿਆਨ.....ਕੁਦਰਤ ਵਸਿਆ ਦੀ ਕਹਾਣੀ.....ਕੀ ਨਹੀਂ ਇਸ ਵਿਚ ? ਇਸ ਮਿਠੱਤ ਦੇ ਸੋਮੇ ਨੂੰ "ਸਿੱਖੀ ਸਿਖਿਆ ਗੁਰੂ-ਵਿਚਾਰ" ਨਾਲ ਰਲਾ ਕੇ ਗਾਓ, ਝੂੰਮੋਗੇ, ਵਿਸਮਾਦ ਵਿਚ ਜਾਗੋਗੇ, ਬਖਸ਼ਿਸ਼ ਪਾਓਗੇ।

ਹਾਂ.....ਜੇ ਜਗਾਉਣਾ ਹੋਵੇ ਸੁੱਤੇ ਮਨ ਨੂੰ, ਫਰਕਾਉਣੇ ਹੋਣ ਡੌਲੇ.....ਪੈਰਾਂ ਥੱਲੇ ਅੰਗਾਰੇ ਰਖਣੇ ਹੋਣ.....ਅਨਾਥਾਂ ਨੂੰ ਜ਼ੁਲਮ ਤੋਂ ਬਚਾਉਣ ਦੀ ਖਾਤਰ.....ਤਾਂ ਫੇਰ ਓਹੀ ਬੋਲੀ ਬਨਾਉਣੀ ਪੈਂਦੀ ਹੈ ਜਿਸ ਵਿਚ ਅਸਰ ਹੋਵੇ, ਜਿਹੜੀ ਜਾਨਾਂ ਹੂਲਣ ਵਾਸਤੇ ਤਿਆਰ ਕਰ ਦੇਵੇ। ਪ੍ਰੇਮ ਦੀ ਖੇਡ ਖੇਡਣ ਵਾਸਤੇ ਤਲੀ ਤੇ ਸਿਰ ਰਖ ਕੇ ਲਿਆਉਣ ਲਈ ਤਿਆਰ ਕਰ ਦੇਵੇ:-

ਦੇਖੋ ਪੰਨਾ 94 ਦਸਮ ਗ੍ਰੰਥ-ਰੂਪ ਤੇ ਰਸ
ਕਰੇ ਬਾਮ ਚਾਪਿਯੰ ਕ੍ਰਿਪਾਨੰ ਕਰਾਨੰ।
ਮਹਾਂ ਤੇਜ ਤੇਜੰ ਬਿਰਾਜੈ ਬਿਸਾਲੀ।
ਮਹਾਂ ਦਾੜ ਦਾੜੰ ਸੁ ਸੋਹੀ ਅਪਾਰੀ।
ਜਿਨੈ ਚਰਬੀਯੰ ਜੀਵ ਜੱਯੰ ਹਜਾਰੀ।
ਡਮਾ ਡਮ ਡਉਰੂ ਸਿਤ ਸੇਤਾ ਤੜ੍ਹੰ।
ਹਾਹਾ ਹੂਹੂ ਹਾਸੰ ਝੱਮਾ ਝੱਮ ਅੜ੍ਹੰ।
ਮਹਾ ਘੋਰ ਸਬਦੰ ਬਜੇ ਸੰਖ ਐਸੀ।
ਪ੍ਰਲੈ ਕਾਲ ਕੇ ਕਾਲ ਕੀ ਜਵਾਲ ਜੈਸੀ।

ਇਹ 'ਮਹਾਂ ਕਾਲ' ਦੀ ਤਸਵੀਰ ਹੈ.....ਖੱਬੇ ਹੱਥ ਵਿਚ ਧਨੁਸ਼, ਸੱਜੇ ਵਿਚ ਡਰੌਣੀ ਤਲਵਾਰ। ਹੱਥ ਵਿਚ ਡਉਰੂ ਜਿਸ ਦਾ ਸੰਖ-ਸ਼ਬਦ ਪਰਲੈ ਦਾ ਸੂਚਕ ਹੈ।

ਮਹਾਂ ਕਾਲ ਦਾ 'ਸ਼ਬਦ' ਕੈਸਾ ਹੈ ?
ਘਣੰ ਘੰਟ ਬਾਜੇ। ਸੁਣੇ ਮੇਘ ਜਾਗੇ।
ਭਯੋ ਸੱਦ ਏਵੰ। ਹੜਿਓ ਨੀਰ ਧੇ ਵੀ।

................ ................ ................ ................ ................ ................



Sri Satguru Jagjit Singh Ji Elibrary NamdhariElibrary@gmail.com

ਗੁਣ ਹਨ :- ਸੱਤ ਚਿੱਤ ਅਨੰਦ, ਗੁਣ ਹਨ-ਇਕ ਸੁਰਤਾ, ਇਕ ਸਾਰਤਾ ਤੇ ਇਕ ਸੀਰਤਾ। ਇਕ ਦ੍ਰਿਸ਼ਟੀ, ਸਭ ਨੂੰ ਇਕੋ ਜਿਹਾ ਸਮਝਣਾ, ਵੱਡੇ ਛੋਟੇ ਨੂੰ, ਗ਼ਰੀਬ ਅਮੀਰ ਨੂੰ, ਮੁਸ਼ਕਤ ਤੇ ਨਿਮਾਣੇ ਨੂੰ। ਕਿਸੇ ਦੀ ਕਾਨ੍ਹ ਨਹੀਂ, ਕਿਸੇ ਦੀ ਮੁਹਤਾਜਗੀ ਨਹੀਂ, ਇਸ ਲਈ ਦੁਚਿੱਤਾਪਣ ਨਾ ਹੋਣਾ। ਇਕੋ ਗੱਲ ਜੋ ਸਹੀ ਹੋਵੇ, ਉਸ ਨੂੰ ਆਖ ਸਕਣਾ। ਨਿਡਰ ਹੋ ਕੇ, ਨਿੱਝਕ ਹੋ ਕੇ ਮਿੰਨਤ ਨਾਲ ਦਲੀਲ ਨਾਲ, ਕਹਿ ਸਕਣਾ, ਸ਼ਾਂਤ ਰਹਿ ਕੇ ਅਡੋਲ ਰਹਿ ਕੇ ਇਕ ਮਨ ਇਕ ਚਿੱਤ ਹੋ ਕੇ। ਦੇਸ਼ ਦੀਆਂ ਵੰਡੀਆਂ ਨਹੀਂ, ਜਾਤ-ਪਾਤ ਦੀ ਤਾਂ ਗੱਲ ਹੀ ਛਡੋ, ਸਿਰਫ ਮਨੁੱਖਤਾ ਦੀ ਹੀ ਨਹੀਂ ਸਾਰੀ ਕਾਇਨਾਤ ਦੀ-ਅਸਥਾਵਰ, ਜੰਗਤ, ਕੀਟ ਪਤੰਗਮ, ਉਨ੍ਹਾਂ ਸਭਨਾਂ ਵਿਚ ਇਕੋ ਲਹਿਰ ਦਾ ਲਹਿਰਾਣਾ, ਇਕੋ ਲਹੂ ਦਾ ਗੇੜੇ ਕੱਟਣਾ, ਇਕੋ ਨੂਰ ਦਾ ਉਜਾਲਾ ਹੋਣਾ ਦਿੱਸ ਪੈਣਾ। ਇਕੋ ਪਰਮ ਆਤਮਾ ਦਾ ਵੱਖੋ ਵਖ ਤਰੀਕੇ, ਰੰਗ ਨਾਲ, ਨਸਲ ਨਾਲ, ਦ੍ਰਿਸ਼ਟੀਮਾਨ ਹੋਣਾ। ਰਾਫ਼ਜ਼ੀ ਇਮਾਮ ਤੇ ਸੂਫ਼ੀ-ਮਾਨਸ ਕੀ ਜਾਤ ਸਭੈ ਏਕੈ ਪਹਿਚਾਨਣਾ, ਦੇਹੁਰਾ ਤੇ ਮਸੀਤ ਇਕ ਹੋਣਾ। ਨਿਆਰੇ ਦੇਸ ਤੇ ਭੇਸਨ ਦਾ ਪ੍ਰਭਾਵ ਹੋਣਾ, ਕੇਵਲ ਭੇਸਾਂ ਦਾ ਅਲੱਗ ਅਲੱਗ ਵਾਤਾਵਰਣ ਹੋਣਾ। ਰਹਿਣ ਸਹਿਣ ਦੇ ਤਰੀਕੇ ਬਦਲਣੇ, ਰੂਪ ਰੰਗ ਕੱਦ ਕਾਠ ਵੀ ਸੈਂਕੜੇ ਮੀਲਾਂ ਦੀ ਵਿੱਥ ਕਰ ਕੇ ਥੋੜ੍ਹਾ ਵੱਖ ਹੋ ਜਾਣਾ। ਠੰਡ ਦੇ ਵਿਚ ਤੇ ਉਚਾਈਆਂ ਵਿਚ ਕਾਲੇ ਚਿੱਟੇ ਹੋ ਜਾਣਾ। ਬਦਲਦੀਆਂ ਰੁੱਤਾਂ ਨਾਲ, ਬਦਲਦੇ ਮੌਸਮਾਂ ਵਿਚ ਉਚਾਈਆਂ ਤੇ ਨਿਵਾਈਆਂ ਵਿਚ ਵੱਖ ਵਖ ਤਾਪਮਾਨ ਦੇ ਕਾਰਣ ਇਹ ਸਭ ਛੋਟੀਆਂ ਮੋਟੀਆਂ ਵਿੱਥਾਂ ਕਿਸੇ ਨੂੰ ਕਾਲਾ, ਕਿਸੇ ਨੂੰ ਪੀਲਾ ਬਣਾ ਦੇਂਦੀਆਂ ਹਨ। ਪਰ ਸਭ ਆਤਮਾਵਾਂ ਇਕ ਹਨ। ਇਹੀ ਉਸ ਦਾ ਕਾਰਨ ਹਨ। ਵੱਖੋ-ਵੱਖ ਰੂਪਾਂ ਵਿਚ, ਵੱਖੋ ਵੱਖ ਥਾਵਾਂ ਤੇ, ਬਰਫ਼ੀਲੀ ਪਹਾੜੀਆਂ ਵਿਚ ਡੂੰਘੇ ਸਮੁੰਦਰਾਂ ਵਿਚ੍ਹ ਕਹਿਰ ਗਰਮੀ ਦੇ ਖਿੱਤਿਆਂ ਵਿਚ ਰਹਿਣ ਕਾਰਣ। ਪਰ ਉਹ ਸਭਨੀ ਥਾਂਈ ਸਮਾਇਆ ਹੋਇਆ ਹੈ। ਅਸੰਖ ਇਨਸਾਨਾਂ ਤੇ, ਕੀੜਿਆਂ ਪਤੰਗਿਆਂ,ਜੀਵ ਜੰਤੂਆਂ, ਸਾਰੀ ਨਬਾਤਾਤੀ ਦੁਨੀਆਂ ਉਹ ਜੋ ਦੇਖ ਰਹੇ ਹਨ, ਉਹ ਪਰਮ ਜੋਤ ਨਾਲ ਦੇਖਦੇ ਹਨ। ਪਰਮ ਜੋਤ ਦੀਆਂ ਅੱਖੀਆਂ ਉਹੀ ਹਨ ਜੋ ਅਸੰਖਾਂ ਅੱਖੀਆਂ ਪ੍ਰਤੱਕਸ਼ ਹਨ। ਪਸ਼ੂਆਂ, ਪਕੱਸ਼ੀਆਂ ਦੇ ਜਦ ਅੱਥਰੂ ਵਗਦੇ ਹਨ ਤਾਂ ਉਹ ਮਹਾਨ ਆਤਮਾ ਪ੍ਰਮਾਤਮਾ ਦੀਆਂ ਅੱਖੀਆਂ ਵਿਚ ਦੇਖੇ ਜਾਂਦੇ ਹਨ।

ਰੋਂਦਾ ਦੁਖੀ ਇਨਸਾਨ ਹੈ, ਸੁਜਦੀਆਂ ਅੱਖੀਆਂ ਭਗਵਾਨ ਦੀਆਂ ਹਨ। ਚਾਬੁਕ ਗਰੀਬ ਨੂੰ ਪੈਂਦੀ ਹੈ, ਪਿੱਠ ਭਗਵਾਨ ਦੀ ਸੁਜਦੀ ਹੈ। ਕਸਤੂਰੀ ਦੀ ਸੁਗੰਧੀ, ਚੰਦਨ ਤੇ ਮਲਆਗਰ ਦੀ ਖੁਸ਼ਬੂ ਭਰੀ ਹਵਾ ਅਸੰਖ ਭਵਨਾਂ ਦੇ ਵਾਸੀ ਜਦ ਸੁੰਘਦੇ ਹਨ ਤਾਂ ਉਹ ਕੇਵਲ ਉਨ੍ਹਾਂ ਵਿਚ ਸਮਾਈ ਹੋਈ ਪਰਮ-ਆਤਮਾ ਹੀ ਸੁੰਘਦੀ ਹੈ। ਆਰਤੀ ਕਿਵੇਂ ਹੋ ਸਕਦੀ ਹੈ। ਉਸ ਦੀ ਆਰਤੀ ਲਈ ਤਾਂ ਅੰਬਰ ਥਾਲ ਬਣਦਾ ਹੈ। ਸੂਰਜ ਤੇ ਚੰਦ ਦੀਵੇ ਬਣਦੇ ਹਨ। ਸਾਰੀ ਬਨਸਪਤੀ ਫੁੱਲਾਂ



Sri Satguru Jagjit Singh Ji Elibrary NamdhariElibrary@gmail.com

ਦੀ ਸੁਗੰਧੀ ਦੇਂਦੀ ਹੈ। ਪਵਨ ਚੌਰ ਕਰਦੀ ਹੈ। ਇਸ ਤਰ੍ਹਾਂ ਉਸ ਦੀ ਆਰਤੀ ਹੁੰਦੀ ਹੈ, ਜੋ ਘੱਟ-ਘੱਟ ਵਿਚ ਸਮਾਇਆ ਹੋਇਆ ਹੈ। ਘੱਟ-ਘੱਟ ਵਿਚ ਰਾਮ ਬੋਲਦਾ ਹੈ। ਰਾਮ ਬਿਨਾਂ ਕੋਈ ਨਹੀਂ ਬੋਲਦਾ "ਅਸਥਾਵਰ, ਜੰਗਮ ਕੀਟ ਪਤੰਗਮ ਵਿਚ ਵੀ ਰਾਮ ਸਮਾਇਆ ਹੈ। "ਏਕਲ ਮਾਟੀ ਕੁੰਚਰ ਚੀਟੀ ਭਾਂਜਨ ਹੈ ਬਹੁਨਾਨਾ ਰੇ" (ਮਾਲੀ ਗਉੜਾ ਭਗਤ ਨਾਮਦੇਵ ਜੀ)

ਇਕ ਦਿਨ ਰਾਮਾ ਨੰਦ ਜੀ ਦੇ ਦਿਲ ਵਿਚ ਸ਼ੌਕ ਆਇਆ ਕਿ ਮੈਂ ਵੀ ਪੂਜਾ ਕਰਨ ਦਾ ਸਵਾਦ ਮਾਣਾਂ। ਮੈਂ ਵੀ ਥਾਲੀ ਵਿਚ ਦੀਪ ਤੇ ਫੁੱਲ ਰੱਖ ਕੇ ਆਰਤੀ ਕਰਾਂ। ਤਾਹੀਓਂ ਉਨ੍ਹਾਂ ਦਾ ਗੁਰੂ ਮਿਲ ਗਿਆ ਤੇ ਉਨ੍ਹਾਂ ਕਿਹਾ ਕਿ ਰਾਮਾ ਨੰਦ ਬ੍ਰਹਮ ਤਾਂ ਤੇਰੇ ਮੰਨ ਅੰਦਰ ਵੱਸਦਾ ਹੈ, ਤਾਂ ਰਾਮਾ ਨੰਦ ਜੀ ਬੋਲ ਉਠੇ, "ਕੱਤ ਜਾਈਏ ਰੇ ਘਰ ਲਾਗੋ ਰੰਗ" ਉਨ੍ਹਾਂ ਨੂੰ ਆਪਣੇ ਘਰ ਵਿਚ ਹੀ ਪ੍ਰਭੂ ਦਿਸ ਪਿਆ, ਆਪਣੇ ਮਨ ਵਿਚ ਹੀ ਵਸਦਾ ਨਜ਼ਰ ਆ ਗਿਆ। ਉਨ੍ਹਾਂ ਦੀ ਭਟਕਣਾ ਖ਼ਤਮ ਹੋ ਗਈ। ਉਨ੍ਹਾਂ ਨੂੰ ਟੇਕ ਆ ਗਈ। ਉਹ ਰੰਗ ਵਿਚ ਗੁੜ ਗਏ। ਰੱਬ ਦਾ ਘਰ ਉਨ੍ਹਾਂ ਦੀ ਨਜ਼ਰੀਂ ਪੈ ਗਿਆ। ਪਏ ਲੋਕ ਚੰਦ ਦੇ ਉਤੇ ਆਪਣਾ ਟਿਕਾਣਾ ਬਨਾਣ, ਉਨ੍ਹਾਂ ਨੂੰ ਤਾਂ ਕਦੇ ਸੁਝਿਆ ਵੀ ਨਹੀਂ ਕਿ ਪ੍ਰਮਾਤਮਾ ਅਸਮਾਨ ਦਾ ਵਾਸੀ ਹੈ। ਇਹ ਤਾਂ ਰੈਸ਼ਨਲ ਬਨਣ ਲਈ ਬਰਗੋਡੀਅਨ ਨੇ ਇਕ ਕਹਾਣੀ ਘੜੀ। ਜਿਸ ਤਰ੍ਹਾਂ ਉਸ ਨੇ ਸੁਣੀ ਸੀ। ਜਿਸ ਤਰ੍ਹਾਂ ਉਸ ਨੇ ਪ੍ਰਵਾਨ ਕੀਤੀ ਸੀ। ਭਗਤ ਤਾਂ ਉਸ ਤੋਂ ਵੱਧ ਰੈਸ਼ਨਲ ਹੋਏ ਹਨ, ਜਿਨ੍ਹਾਂ ਨੂੰ ਪ੍ਰਭੂ ਦਾ ਘਰ ਕਾਇਨਾਤ ਵਿਚ ਦਿਸਿਆ।

ਰੱਬ ਨੂੰ ਦੇਖਣਾ ਹੋਵੇ ਤਾਂ ਮੁਹੱਬਤ ਵਿਚ ਦੇਖੋ, ਸ੍ਰਿਸ਼ਟੀ ਨਾਲ ਪਿਆਰ ਪਾ ਕੇ ਦੇਖੋ। ਉਹ ਬਹੁਤ ਖ਼ੂਬਸੂਰਤ ਹੈ। ਖ਼ੂਬਸੂਰਤੀ ਵਿਚ ਦੇਖੋ। 'ਤੇਰਾ ਨਾਮ ਰੂੜੋ ਰੂਪ ਰੂੜੋ ਅਤਿਰੰਗ ਰੂੜੋ ਮੇਰੋ ਰਾਮਈਆ।' ਜਾਨਣ ਵਾਲੇ ਨੂੰ ਉਹਦੇ "ਬੰਕੇ ਲੋਇਨ ਦੰਤ ਰੀਸਾਲਾ, ਸੋਹਣੇ ਨੱਕ ਤੇ ਲੰਮੜੇ ਵਾਲਾ" ਦਿਸਦੇ ਹਨ। ਸਾਰੇ ਜਹਾਨ ਦੀ ਖ਼ੂਬਸੂਰਤੀ (Thou art too beautiful) ਉਸ ਵਿਚ ਨਜ਼ਰ ਪੈਂਦੀ ਹੈ। ਉਸ ਦਾ ਸਰੀਰ ਕੋਈ ਨਹੀਂ, ਉਸ ਦੀਆਂ ਅੱਖਾਂ ਕੋਈ ਨਹੀਂ, ਉਸ ਦੀ ਸ਼ਕਲ ਕੋਈ ਨਹੀਂ ਪਰ ਜਹਾਨ ਭਰ ਦੀ ਸੁੰਦਰਤਾ ਹੈ। ਸਾਰੇ ਜੱਗ ਦੀ ਸੁੰਦਰਤਾ ਉਸ ਦੀ ਸੁੰਦਰਤਾ ਦਾ ਲਿਸ਼ਕਾਰਾ ਮਾਤ੍ਰ ਹੈ, ਅਕਸ ਹੈ ਪ੍ਰਤੀਬਿੰਬ ਹੈ, ਲੁਕਾਓ ਨਹੀਂ, ਪੜਦੇ ਵਿਚੋਂ ਉਸ ਦੀ ਸੁੰਦਰਤਾ ਛਣ ਛਣ ਕੇ ਬਾਹਰ ਆ ਰਹੀ ਹੈ, ਦਿਸ ਰਹੀ ਹੈ। ਰੰਗ ਦਾ ਸਵਾਦ ਮਾਨਣ ਲਈ ਭੰਵਰਾ ਲੋੜੀਦਾ ਹੈ, ਜਲ ਨਾਲ ਪਿਆਰ ਕਰਨ ਲਈ ਮੱਛੀ ਦੀ ਆਤਮਾ ਚਾਹੀਦੀ ਹੈ। ਰਾਗ ਦੀ ਮਧੁਰਤਾ ਮਾਨਣ ਲਈ ਹਿਰਨ ਵਾਲੀ ਬਿਰਤੀ ਚਾਹੀਦੀ ਹੈ। ਅੰਬ ਦੀ ਮਿਠਾਸ ਅੰਦਰ ਤਾਂ ਧੱਸਦੀ ਹੈ ਜੇ, ਕੋਇਲ ਵਾਲਾ ਹਿਰਦਾ ਹੋਵੇ। ਖ਼ੂਬਸੂਰਤੀ ਦੇਖਣ ਲਈ ਪ੍ਰੇਮ ਦੀ ਤਾਰ ਚਾਹੀਦੀ ਹੈ। ਇਸ਼ਕ ਦੇ ਝਨਾਂ ਦਾ ਤਾਰੂ ਹੋਣਾ ਪੈਂਦਾ ਹੈ। ਵੇਲ ਲਈ ਊਠ ਦੀ ਤੜਪ ਹੋਣੀ ਚਾਹੀਦੀ



Sri Satguru Jagjit Singh Ji Elibrary NamdhariElibrary@gmail.com

ਹੈ, ਤੇ ਪਾਣੀ ਲਈ ਰੇਗਿਸਤਾਨ ਵਾਲੀ ਲੋੜ ਚਾਹੀਦੀ ਹੈ। ਫਿਰ ਲਗਦਾ ਹੈ "ਅਤਿ ਰੰਗ ਰੂੜੋ ਮੇਰੇ ਰਾਮਈਆ।" ਇਹ ਖਿੱਚ ਇੰਝ ਦੀ ਹੈ ਜਿਵੇਂ ਬੱਦਲ ਲਈ ਧਰਤੀ ਖਿੱਚ ਪਾਉਂਦੀ ਹੈ ਤਰੁਨੀ ਲਈ ਜਿਵੇਂ ਕੰਤ ਹੈ, ਬਾਰਿਕ ਲਈ ਜਿਵੇਂ ਦੁੱਧ ਹੈ, ਚਾਤ੍ਰਿਕ ਲਈ ਜਿਵੇਂ ਸਵਾਂਤੀ ਬੂੰਦ ਹੈ, ਤਾਂ ਹੀ ਉਸ ਦਾ ਰੂਪ ਸੋਹਣਾ ਲਗਦਾ ਹੈ। ਉਹਦੇ ਵਿਚੋਂ ਤਰਲਜਵਾਨੀ ਫੁੱਟ ਫੁੱਟ ਪੈਂਦੀ ਹੈ। ਉਹ ਪ੍ਰੀਤਮ ਨਿੱਤ ਨਵਾਂ ਲਗ਼ਦਾ ਹੈ। ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਦੁਨੀਆਂ ਦਾ ਮੁਖ਼ਤਿਆਰ, ਕਰਤਾ, ਰਚਨਕਾਰ ਨਵਰੰਗ ਕਿਉਂ ਲੱਗਦਾ ਹੈ? "ਰੂੜੋ" ਕਿਉਂ ਲਗਦਾ ਹੈ? ਕਿਉਂਕਿ ਸੁਨਣ ਵਾਲੇ ਮੰਨਣ ਵਾਲੇ ਦੇ ਝੁਕਾ ਅਤੇ ਢੁਕਾਅ ਵਿਚ ਪਿਆਰ ਵਾਲੀ ਨਜ਼ਰ ਪਿਆਰ ਵਾਲੀ ਚਾਹਤ ਹੈ, ਮਿੱਠੀ ਲਗਦੀ ਹੈ।

ਸੋ ਕਵਿਤਾ ਮਸਤੀ ਦੀ ਜ਼ੁਬਾਨ ਹੈ। ਅਤਿਅੰਤ ਹਸੀਨ ਰੱਬ ਤੇ ਅਤਿਅੰਤ ਹਸੀਨ ਰੱਬ ਦੀ ਝਲਕ ਤਾਂ ਤੀਖਣ ਬੁਧ ਨੂੰ ਸਚੇਤ ਕਰਦੀ ਹੈ, ਸੰਵੇਦਨਸ਼ੀਲ ਆਤਮਾ ਨੂੰ ਰੰਗ ਦਿੰਦੀ ਹੈ। ਹੁਸਨ ਦੇ ਤਿੱਖੇ ਜਲਵੇ ਨਾਲ ਛੇਕੋ ਛੇਕ ਕਰ ਦਿੰਦੀ ਹੈ, ਉਨ੍ਹਾਂ ਛੇਕਾਂ ਵਿਚੋਂ ਸੁਰ ਨਿਕਲਦੇ ਹਨ, ਜੋ ਗੀਤ ਹੈ, ਅਸਲ ਗੀਤ...ਨਾਦ ਜੋ ਸੰਨਾਟੇ ਵਿਚ ਸੁਣੀਂਦਾ ਹੈ...ਉਹੀ ਜੋ ਆਬਸ਼ਾਰਾਂ ਗਾਂਦੀਆਂ ਹਨ...ਸਰ ਸਰ ਕਰ ਹਵਾਵਾਂ ਵੀ ਗਾਂਦੀਆਂ ਹਨ। ਇਸ ਗੀਤ ਦੀ ਲੈਅ ਤੇ ਖ਼ੂਬਸੂਰਤੀ ਤੇ ਤੀਖਣ ਬੁੱਧੀ ਤੋਂ ਕਢਾਏ ਸ਼ਬਦ, ਇਨ੍ਹਾਂ ਦਾ ਸੁਮੇਲ ਹੈ...ਕਵਿਤਾ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਇਸ ਕਵਿਤਾ ਦਾ ਰੰਗ ਹੈ। ਚਟਾਕੇ ਲਾ ਕੇ ਪੀਣ ਲਈ...ਖ਼ੂਬਸੂਰਤੀ ਪੀਣ ਲਈ, ਡੀਕ ਲਾ ਕੇ, ਉਤਲੀ ਸਤਹ ਤੇ ਬੈਠ ਕੇ, ਜ਼ਮੀਨ ਤੇ ਹੁੰਦਿਆਂ, ਜ਼ਮੀਨ ਤੋਂ ਗਿੱਠ ਗਿੱਠ ਉਚਿਆਂ...ਦੁਨੀਆਂ ਵਿਚ ਵਸਦਿਆਂ ਪਰ ਦੁਨੀਆਂ ਤੋਂ ਨਿਰਾਲੇ...ਕੰਵਲ ਫੁਲ ਵਾਂਗ। ਪੈਰਾਂ ਵਿਚ ਚਿੱਕੜ ਪਿਆ ਹੋਵੇ, ਆਪ ਖਿੜਦਾ ਹੈ ਖਿਲਾਂਦਾ ਹੈ, ਰਸ ਬਖ਼ਸ਼ਦਾ ਹੈ... ਝੂਮਦਾ ਹੈ... ਝੁਮਾਂਦਾ ਹੈ... ਕਵੀ ਵਾਂਗ... "ਨਾਨਕ ਸ਼ਾਇਰ ਏਵ ਕਹਿਤ ਹੈ" ਤੇ ਫਿਰ ਨਾਨਕ ਸ਼ਾਇਰ ਸਿਰਫ ਉਹ ਕਹਿੰਦਾ ਹੈ ਜੋ ਉਸ ਨੂੰ ਹੁਕਮ ਮਿਲਦਾ ਹੈ :

ਹਉ ਆਪਹੁ ਬੋਲਿ ਨ ਜਾਣਦਾ,
ਮੈ ਕਹਿਆ ਸਭੁ ਹੁਕਮਾਉ ਜੀਉ॥

ਕਵਿਤਾ ਦੀ ਇਸ ਮਾੜੀ ਮੋਟੀ ਪਹਿਚਾਨ ਜੋ ਇਸ ਮਜ਼ਬੂਨ ਵਿਚ ਦਿਤੀ ਗਈ ਹੈ ਇਸ ਨੂੰ ਸਮਝ ਕੇ ਕਵਿਤਾ ਪੜ੍ਹੋਗੇ... ਬਾਣੀ ਪੜ੍ਹੋਗੇ ਤਾਂ ਰਸ ਆਪੇ ਚੋਏਗਾ ਕਿਉਂਕਿ ਸ਼ੈਅ ਹੀ ਰਸ ਦਾਇਕ ਹੈ। ਇਸ ਵਿਚੋਂ ਰਸ ਟੱਪਕਦਾ ਹੀ ਰਹਿੰਦਾ ਹੈ, ਮੂੰਹ ਥੱਲੇ ਰਖਣ ਦੀ ਲੋੜ ਹੈ... ਤੇ ਇੰਨਾ ਆਸਾਨ ਹੈ ਇਸ ਅੰਮ੍ਰਿਤ ਰਸ ਵਿਚ ਆਪਣੇ ਆਪ ਨੂੰ ਪਾ ਲੈਣਾ, ਡੋਬ ਲੈਣਾ... ਬਾਣੀ ਪੜ੍ਹ ਕੇ... ਗਾ ਕੇ... ਗੁਣ-ਗੁਣਾਂ ਕੇ। ਅੰਮ੍ਰਿਤ ਲਈ ਤਾਂ ਸੱਚਖੰਡ ਵਿਚ ਪਹੁੰਚਣਾ ਜਿਥੇ ਖੰਡ, ਮੰਡਲ ਤੇ ਬ੍ਰਹਮੰਡ ਹਨ... ਇਤਨੇ ਕਿ ਜੋ ਗਿਣਤੀ ਵਿਚ ਨਹੀਂ ਆ ਸਕਦੇ, ਕਿਤਨੇ ਲੋਕ,



Sri Satguru Jagjit Singh Ji Elibrary NamdhariElibrary@gmail.com

ਕਿਤਨੀਆਂ ਦੁਨੀਆਂ ਕਿਤਨੇ ਆਕਾਰ, ਸੁਨਿਆਰ ਦਾ ਧੀਰਜਾ ਗ੍ਰਹਿਣ ਕਰਨਾ ਪੈਂਦਾ ਹੈ ਜ਼ਰਾ ਕਾਹਲ ਦੀ ਗੁੰਜਾਇਸ਼ ਨਹੀਂ, ਕੀਮਤੀ ਸੋਨਾ ਰੇਤ ਬਣ ਕੇ ਬਿਖਰ ਸਕਦਾ ਹੈ, ਤਰਲ ਬਣ ਰੁੜ੍ਹ ਸਕਦਾ ਹੈ, ਸੋ ਧੀਰਜ... ਅਡੋਲਤਾ ਸੁਨਿਆਰੇ ਦੀ, ਪੜਾਂ, ਪੜਾਂ, ਜੋ ਤਜਰਬੇ ਕੀਤੇ ਹਨ... ਲੰਬੀ ਉਮਰ ਦੇ ਲੰਬੇ ਸਾਲਾਂ ਵਿਚ... ਪੜ੍ਹ ਪੜ੍ਹ, ਲਿਖ ਲਿਖ, ਵੇਖ ਵੇਖ, ਸੁਣ ਸੁਣ, ਮੰਨ ਮੰਨ, ਦਿਲ ਵਿਚ ਵਸਾ ਦਿਲ ਵਿਚ ਧਸਾ, ਇਹ ਸਾਰੇ ਗਿਆਨ, ਇਹ ਸਾਰੇ ਅਨੁਭਵ, ਇਹ ਸਾਰੇ ਅਜ਼ਮਾਏ ਹਥਿਆਰ, ਇਨ੍ਹਾਂ ਨੂੰ ਬਣਾ ਹਥੌੜੀ, ਮੱਤ ਅਹਿਰਣ ਦੇ ਉਤੇ ਮਾਰੀ ਚਲ ਲਗਾਤਾਰ, ਦਿਨ ਪਰ ਦਿਨ, ਵੇਖ ਕਿਤਨੀਆਂ ਹਥੌੜੀਆਂ ਟੁੱਟ ਜਾਣਗੀਆਂ ਅਹਿਰਣ ਮੱਤ ਤੇ ਵਜ ਵਜ... ਕਿਤਨੇ ਤਜਰਬੇ ਕਿਤਨੇ ਗੀਤ, ਕਿਤਨੇ ਅਲਾਪ, ਕਿਤਨੇ ਤਰਲੇ, ਕਿਤਨੇ ਮੇਹਣੇ, ਕਿਤਨੀਆਂ ਉਚੀਆਂ ਆਵਾਜ਼ਾਂ, ਝਿੜਕਾਂ, ਗੁੱਸੇ ਗਿਲੇ, ਕਿਤਨੀਆਂ ਅਰਜੋਈਆਂ, ਕਿਤਨੇ ਵੈਣ... ਤੇ ਕਿਤਨੀਆਂ ਖੁਸ਼ੀਆਂ ਦੇ ਗੀਤ, ਇਹ ਨਾ ਗਿਣ ਸਕੇ ਜਾਣ ਵਾਲੇ ਮੌਕੇ, ਲਮਹੇ ਤੇ ਇਨ੍ਹਾਂ ਸਭ ਦੇ ਰਲ ਕੇ ਘੜੇ, ਗਿਆਨ ਤੇ ਵਲਵਲੇ, ਕੁਝ ਦਿਮਾਗ਼ ਲਈ ਦਿਲ ਲਈ, ਕੁਝ ਖ਼ੂਨ ਲਈ, ਕੁਝ ਦੇਹ ਲਈ, ਕੋਈ ਮਨੁਖੀ ਕਮਜ਼ੋਰੀਆਂ ਲਈ, ਮਨੁਖੀ ਪ੍ਰਕਿਰਤੀ ਦੇ ਸੁਭਾ ਲਈ, ਕੁਝ ਕਾਲਪਨਿਕ ਬਿਆਨ ਲਈ।

ਇਨ੍ਹਾਂ ਸਭਨਾਂ ਚੋਟਾਂ ਤੋਂ ਉਪਜੀ ਧਾਤੂ ਤੇ ਵਿਚ ਰਲਾਈ ਭਉ ਦੀ ਅਗਨੀ ਜਿਸ ਨੂੰ ਭੂਕਣੀ ਮਾਰ ਮਾਰ ਜਗਾਇਆ ਹੋਵੇ। ਭੈ-ਹੀਨ ਭੀ ਕਰ ਸਕਦਾ ਹੈ, ਪਰ ਪੁਸ਼ਟੀ ਵੀ ਦੇ ਸਕਦਾ ਹੈ, ਸੁੱਤੀ ਕਲਾ ਜਗਾ ਸਕਦਾ ਹੈ। ਉਹ ਕੰਮ ਕਰਾ ਸਕਦਾ ਹੈ ਜੋ ਢਿਲੇ ਮੱਠੇ ਇਨਸਾਨ ਨਹੀਂ ਕਰ ਸਕਦੇ। ਇਸ ਤਰ੍ਹਾਂ ਨਾਲ ਦੁੜਾ ਸਕਦਾ ਹੈ ਜਿਸ ਤਰ੍ਹਾਂ ਕੋਈ ਕਦੇ ਨਾ ਦੌੜਿਆ ਹੋਵੇ। ਫੁਰਤੀ, ਤੇਜ਼ੀ, ਲਿਆ ਸਕਦਾ ਹੈ ਔਖੀ ਘੜੀ ਘਾਟੀ ਵਿਚੋਂ ਕੱਢ ਸਕਦਾ ਹੈ, ਹਨੇਰਿਆਂ ਨੂੰ ਲੌ ਲਗਾ ਸਕਦਾ ਹੈ ਤੇ ਅਨਮਿਣਤ ਸ਼ਕਤੀ ਭਰ ਸਕਦਾ ਹੈ (ਭਾਵੇਂ ਭੈ ਦਾ ਦੁਰਯੋਗ ਕਿੰਨਾ ਕਮਜ਼ੋਰ ਵੀ ਕਰ ਸਕਦਾ ਹੋਵੇ) ਇਸ ਭੈ ਨਾਲ ਜਗਾਈ ਪ੍ਰਚੰਡ ਜਵਾਲਾ ਤੇ ਮੱਤ ਅਹਿਰਣ ਉਤੇ ਹਥੌੜੀਆਂ ਖਾ ਕੇ ਬਣਾਈ ਸ਼ਖਸੀਅਤ ਤੇ ਉਸ ਵਿਚ ਭੌ ਨਾਲ ਜਗਾਇਆ ਹੋਵੇ ਭਾਓ... ਇਕ ਕਿਸਮ ਦਾ ਪ੍ਰੇਮਾ ਭਾਵ ਜਿਸ ਵਿਚ ਵਿਚਾਰ ਨਹੀਂ ਰਹਿੰਦੀ, ਸੋਚ ਸ਼ਕਤੀ ਮਿਟ ਜਾਂਦੀ ਹੈ ਭਾਓ... ਜਿਸ ਨਾਲ ਰੁਮਕਦੀ ਪਵਨ ਗੁਣਗੁਣਾਉਂਦੀ ਹੈ, ਠਰਾਉਂਦੀ ਹੈ, ਕਦੇ ਕੋਸੀ ਕੋਸੀ ਲਗਦੀ ਹੈ, ਲੋੜ ਮੁਜਬ, ਮੌਸਮ ਮੁਜਬ, ਭਾਓ ਸਿਰਫ ਸੁੰਦਰਯ ਪਛਾਨਣ ਦਾ ਸੋਮਾ ਹੈ। ਫੁੱਲ ਦਾ ਵਜ਼ਨ ਤੋਲਿਆ ਜਾਂਦਾ ਹੋਵੇਗਾ... ਸਾਇੰਸਦਾਨ ਦੀ ਲਿਬਾਰਟ੍ਰੀ ਵਿਚ... ਪੰਖੜੀਆਂ ਖੋਲ੍ਹੀਆਂ ਜਾਂਦੀਆਂ ਹਨ ਫੁੱਲ ਦੀ ਬਨਾਵਟ ਦੇਖਣ ਲਈ ਫੁੱਲ ਦੇ ਤਨ ਦਾ ਹਿਸਾਬ ਲਾਉਣ ਲਈ, ਪਰ ਭਾਓ ਸਿਰਫ ਖ਼ੂਬਸੂਰਤੀ ਦਾ ਅਹਿਸਾਸ ਹੈ ਤੇ ਭਾਓ ਵਿਚਾਰ ਨਹੀ, ਭਾਓ ਬਨਾਵਟ ਦਾ ਹਿਸਾਬ ਨਹੀਂ, ਭਾਓ ਹੈ ਵਲਵਲੇ ਦੇ ਦੇਸ਼ ਨਾਲ ਯਾਰੀ ਤੇ ਭਾਓ ਦੇ ਭਾਂਡੇ



Sri Satguru Jagjit Singh Ji Elibrary NamdhariElibrary@gmail.com

ਵਿਚ ਹੀ ਕੱਠਾ ਹੁੰਦਾ ਹੈ... ਬੂੰਦ ਬੂੰਦ ਕਰ ਕੇ... ਸੱਚ ਖੰਡ ਦੀ ਦਾਤ... ਅੰਮ੍ਰਿਤ ਜਿਸ ਲਈ ਸੁਨਿਆਰੇ ਦਾ ਧੀਰਜ ਜਤ ਦਾ ਪਹਾਰਾ, ਮਤ ਦੀ ਅਹਿਰਣ ਲਈ ਗਈ ਸੀ ਤੇ ਉਸ ਤੇ ਗਿਆਨ ਤੇ ਬੁੱਧੀ ਮੰਡਲੇ ਦੀਆਂ ਹਥੌੜੀਆਂ ਮਾਰ ਮਾਰ ਤੋੜੀਆਂ ਗਈਆਂ ਸਨ। ਇਸ ਅੰਮ੍ਰਿਤ ਦੀ ਬੂੰਦ ਬੂੰਦ ਲਈ, ਇਹ ਸਹਿਜ ਦਾ ਅੰਮ੍ਰਿਤ, ਬੂੰਦ ਬੂੰਦ ਕਰ ਕੇ ਚੋਇਆ ਅੰਮ੍ਰਿਤ ਗੁਰੂ ਦੀ ਬਾਣੀ ਦੀ ਤੁੱਕ ਤੁੱਕ ਵਿਚੋਂ ਨਸੀਬ ਹੋਵੇਗਾ ਜੇ ਬਾਣੀ ਨੂੰ ਰਾਗ ਨਾਲ, ਅਰਥਾਂ ਨਾਲ ਤੇ ਸ਼ਰਧਾ ਨਾਲ ਮੱਥ ਮੱਥ ਕੇ ਫਰੋਲਾਂਗੇ, ਲਫਜ਼ ਲਫਜ਼ ਦੀ ਖ਼ੂਬਸੂਰਤੀ ਨੂੰ ਧਿਆਨ ਵਿਚ ਲਿਆਵਾਂਗੇ। ਐਨੀ ਮਹਾਨ ਬਾਣੀ। ਐਡੀ ਗਿਆਨ ਦਾਤਾ, ਪ੍ਰਫੁੱਲਤਾ ਜਗਾ ਦੇਣ ਵਾਲੀ, ਮਿੱਠਤ ਦੀ ਵਗਦੀ ਨਦੀ, ਚਾਂਦਨੀ ਹੀ ਚਾਂਦਨੀ, ਅਮਲ ਕਾਰਣ ਸਮਝੀਏ ਤੇ ਸਵਾਦ ਕਾਰਨ ਰਸੀਲੀ, ਸ਼ੀਰੀਂ ਬਾਣੀ ਪੜ੍ਹੀਏ ਸੁਣੀਏ, ਰਸ ਚਖੀਏ, ਰਸ ਵੰਡੀਏ।

ਰਤਨਾ ਰਤਨ ਪਦਾਰਥ – ਵਿਚੋਂ

........................................................................................

*ਬਾਜੀਗਰ ਡੰਕ ਵਜਾਈ*

ਬਾਜੀਗਰ ਡੰਕਾ ਬਜਾਂਦਾ ਹੈ, ਖ਼ਲਕਤ ਤਮਾਸ਼ਾ ਦੇਖਣ ਆਉਂਦੀ ਹੈ ਠੀਕ ਇਸੇ ਤਰ੍ਹਾਂ ਸਾਰੀ ਕਾਇਨਾਤ ਕਾਦਰ ਦੇ ਇਸ਼ਾਰੇ ਤੇ ਇਕ ਵੱਡੇ ਹਜੂਮ ਦੇ ਸਾਹਮਣੇ ਜਗਤ ਤਮਾਸ਼ਾ ਰਚ ਰਹੀ ਹੈ। ਇਕ ਅਦਨਾ ਐਕਟਰ ਆਪਣੀ ਤੁਛਤਾ ਨੂੰ ਭੁੱਲ ਸਕੇ ਤਾਂ ਉਹ ਇਸ ਜਗਤ ਤਮਾਸ਼ਾ ਦੇਖਣ ਵਾਲੇ ਹਜੂਮ ਦਾ ਹਿੱਸਾ ਸਮਝ ਲਵੇ। ਫੁੱਲ ਖਿੜਦੇ ਹਨ ਤੇ ਖਿੜੇ ਖਿੜੇ ਮੁਰਝਾ ਵੀ ਜਾਂਦੇ ਹਨ। ਨਬਾਤਾਤੀ ਦੁਨੀਆਂ ਦਾ ਇਕ ਆਪਣਾ ਵਤੀਰਾ ਹੈ। ਉਹ ਸੋਚ ਨਹੀਂ ਸਕਦੇ, ਪਰ ਭਾਵ ਉਨ੍ਹਾਂ ਵਿਚ ਵੀ ਹੈ। ਪੱਤੇ ਦੁਖ ਮਹਿਸੂਸ ਕਰ ਸਕਦੇ ਹਨ ਤੇ ਖੁਸ਼ੀ ਦਾ ਜਲਵਾ ਭੀ ਲੈ ਸਕਦੇ ਹਨ। ਬ੍ਰਿਛ ਉਗਦੇ ਹਨ, ਬੀਜ ਵਿਚੋਂ ਫੁਟਦੇ ਹਨ, ਖੁਰਾਕ ਖਾਂਦੇ ਹਨ, ਪਾਣੀ ਪੀਂਦੇ ਹਨ, ਹਵਾ ਵਿਚੋਂ ਆਕਸੀਜਨ ਲੈਂਦੇ ਹਨ। ਉਨ੍ਹਾਂ ਦੀ ਜ਼ਿੰਦਗੀ ਭੀ ਇਸੇ ਤਰ੍ਹਾਂ ਲੰਘਦੀ ਹੈ ਤੇ ਉਹ ਵੀ ਤਾਂਡਵ ਨਾਚ ਦਾ ਇਕ ਭਾਰੀ ਅੰਗ ਹਨ। ਪਸ਼ੂ ਸੰਸਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦੇਵਤੇ ਤੇ ਹੋਰ ਅਨੇਕਾਂ ਅਨੁਭੂਤੀਆਂ ਦੇ ਅਨੁਸਾਰ ਨੱਚ ਰਹੇ ਹਨ... ਨੱਚ ਨੱਚ ਕੇ ਥੱਕ ਜਾਂਦੇ ਹਨ। ਉਨ੍ਹਾਂ ਦੇ ਵਾਧ ਵੀ ਥੱਕ ਜਾਂਦੇ ਹਨ ਤੇ ਅਖੀਰ ਟੁੱਟ ਜਾਂਦੇ ਹਨ। ਇਨ੍ਹਾਂ ਵਾਧਾਂ ਤੇ ਲੱਗੀਆਂ ਤਾਰਾਂ ਤੇ ਤੰਦਾਂ ਉਹ ਸਭ ਵੀ ਇਕ ਦਿਨ ਸਾਥ ਛੱਡ ਜਾਂਦੀਆਂ ਹਨ। ਆਪੋ ਵਿਚ

ਦਾ ਸਾਥ ਜਿਨ੍ਹਾਂ ਕਾਰਨ ਸੁਰ ਨਿਕਲਦਾ ਸੀ, ਮਧੁਰ ਸੰਗੀਤ ਨਿਕਲਦਾ ਸੀ ਜੋ ਜ਼ਿੰਦਗੀ ਨੂੰ ਅਰਥ ਪ੍ਰਦਾਨ ਕਰਦਾ ਸੀ... ਹੰਭ ਜਾਂਦੇ ਹਨ ਅਖੀਰ ਵਿਚ।



Sri Satguru Jagjit Singh Ji Elibrary NamdhariElibrary@gmail.com

ਪ੍ਰਬਲ ਕਾਮ ਦੇ ਚਟਾਕੇ, ਇੰਦਰੀ ਦਾ ਬਲ, ਥੱਕ ਜਾਂਦਾ ਹੈ। ਕ੍ਰੋਧ ਦੀ ਅੱਗ ਮਹਿਲਾਂ ਨੂੰ ਸਾੜ ਦਿੰਦੀ ਹੈ, ਜੰਗਲਾਂ ਨੂੰ ਅੱਗ ਲਾ ਦਿੰਦੀ ਹੈ। ਕ੍ਰੋਧ ਗ਼ਰੀਬ ਝੁੱਗੀਆਂ ਵਾਲਿਆਂ ਨੂੰ ਘਰੋਂ ਬੇ-ਘਰ ਕਰ ਦਿੰਦਾ ਹੈ, ਕਿਸੇ ਦੀ ਇੱਜ਼ਤ ਤੇ ਹਮਲਾ ਕਰ ਦਿੰਦਾ ਹੈ, ਖ਼ੂਬਸੂਰਤੀ ਨੂੰ ਲਾਜ ਲਾ ਦਿੰਦਾ ਹੈ ਤੇ ਕ੍ਰੋਧ ਦੀ ਚਿੰਗਾੜੀ ਕ੍ਰੋਧੀ ਨੂੰ ਵੀ ਭਸਮ ਕਰ ਦਿੰਦੀ ਹੈ। ਕਦੇ ਲੋਭ ਦੀ ਤਾਰ ਐਨੀ ਮਜ਼ਬੂਤ ਸੀ ਕਿ ਸਾਰੀ ਦੁਨੀਆਂ ਦੇ ਖਜ਼ਾਨੇ ਇਕੱਠੇ ਕਰ ਲਏ ਸਨ। ਕਿਸੇ ਦਾ ਮਹਿਲ ਦੇਖ ਕੇ, ਕਿਸੀ ਦੀ ਮਾੜੀ ਵੱਲ ਤੱਕ ਕੇ ਭਟਕਣਾ ਨੇ ਜ਼ੋਰ ਪਾ ਲਿਆ, ਇਤਨਾ ਅਫ਼ਰਾਇਆ ਲੋਭ ਨੇ ਕਿ ਜੀਵਨ ਦੀਆਂ ਘੜੀਆਂ ਗਵਾ ਲਈਆਂ ਤੇ ਜਮ੍ਹਾਂ ਕਰ ਲਏ... ਕੀ... ਮਾਇਆ ਦੇ ਕੁਝ ਸਿੱਕੇ। ਫਿਰ ਵੱਜਣ ਵਾਲਾ ਤੰਤਰ ਐਡਾ ਕਮਜ਼ੋਰ ਹੋ ਗਿਆ ਕਿ ਸਾਰੀ ਉਮਰ ਦੇ ਕੱਠੇ ਕੀਤੇ ਖਜ਼ਾਨੇ ਦੇਣ ਲਈ ਤਿਆਰ ਹੈ ਉਮਰ ਦੇ ਕੁਝ ਘੰਟੇ ਖ਼ਰੀਦਣ ਲਈ। ਫਿਰ ਸੌਦਾ ਕਰਨਾ ਚਾਹੁੰਦਾ ਹੈ, ਇਕ ਪਾਸੇ ਸਾਰਾ ਖਜ਼ਾਨਾ ਤੇ ਦੂਜੇ ਪਾਸੇ ਜਵਾਨੀ ਦੇ ਦੋ ਦਿਨ, ਪਰ ਨਾ ਹੀ ਮਿਲਦੀ ਹੈ ਉਮਰ ਤੇ ਨਾ ਹੀ ਜਵਾਨੀ, ਸਾਰੀ ਸਾਂਭੀ ਸਮੱਗ੍ਰੀ ਦੇ ਇਵਜ਼ ਵਿਚੋਂ ਕੌਣ ਦੇਵੇ ਉਹ ਦੋ ਪਲ ਜਦ ਵਾਧ ਦੀਆਂ ਤਾਰਾਂ ਕਸੀਆਂ ਨਾ ਰਹਿ ਸਕਣ। ਤੰਦਾਂ ਜਵਾਬ ਦੇ ਦੇਣ ਤੇ ਮਿੱਠਾ ਸੁਰ ਸੁਨਾਣ ਦੀ ਸਮਰੱਥਾ ਨਾ ਰਵ੍ਹੇ।

ਮੋਹ ਦਾ ਪੰਕਜ ਪੱਗ ਨੂੰ ਚਲਣ ਨਹੀਂ ਦਿੰਦਾ ਤੇ ਡਿੱਠੀ ਹੈ ਲੁਕਾਈ ਇਸ ਦਲਦਲ ਵਿਚ ਫੱਸੀ ਗੁਰੂ ਸਾਹਿਬਾਨ ਨੇ...

"ਪੰਕਜ ਮੋਹ ਪੱਗ ਨਾਹੀ ਚਾਲੈ,
ਹਮ ਦੇਖਾ ਤਹ ਡੂਬੀਆਲੇ।।"

ਹੰਕਾਰ ਦੀਆਂ ਤਾਰਾਂ ਵੀ ਤੰਤਰ ਨੂੰ ਨਿਕੰਮਾ ਕਰਨ ਵਿਚ ਕਿਸੇ ਨਾਲੋਂ ਘੱਟ ਨਹੀਂ। ਕੀ ਬਣੇ ਉਸ ਸਰੀਰ ਦਾ ਜੋ ਰਾਤ ਦਿਨ ਨੱਚਦਾ ਹੈ ਮਨ ਦੇ ਮਗਰ ਲਗ ਕੇ ਤੇ ਮਨ ਪਰਚਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਾਲ... ਮੈਲੀ ਅੱਖ ਨਾਲ ਭੜਕ ਪੈਣ ਨਾਲ ਕਦੇ ਕਿਸੇ ਦੀ ਸੁੰਦਰਤਾ ਕਾਰਨ ਤੇ ਕਦੇ ਆਪਣੇ ਅਹੰਕਾਰ ਦੇ ਥੱਲੇ ਦੱਬ ਕੇ। ਕਈ ਸ਼ਕਲਾਂ ਹਨ ਹੰਕਾਰ ਦੀਆਂ ਵੀ। ਸਤਿਗੁਰੂਆਂ ਨੇ ਹਉਮੈਂ ਨੂੰ "ਦੀਰਘ" ਰੋਗ ਕਰਕੇ ਪਛਾਣਿਆ ਹੈ ਤੇ ਇਸ ਤੋਂ ਬਚਣ ਦੇ ਉਪਾਓ ਦੱਸੇ ਹਨ। "ਹਉ ਵਿਚ ਖਟਿਆ ਹੰਉ ਵਿਚ ਗਿਆ-" ਦੇਖੋ ਮਿੱਟੀ ਦਾ ਪੁਤਲਾ ਕਿਵੇਂ ਨੱਚ ਰਿਹਾ ਹੈ, ਭਲਾ ਕਿਸੇ ਨੇ ਖੱਟਣ ਦਾ ਗੁਮਾਨ ਤਾਂ ਕਰ ਲਿਆ (ਗਲਤ ਹੀ ਸਹੀ) ਕਈ ਆਮ ਦੁਕਾਨਦਾਰਾਂ ਨੂੰ ਗੱਲਾਂ ਕਰਦੇ ਸੁਣੋ, "ਜੀ ਅਸਾਂ ਲੱਖਾਂ ਦੇ ਨੁਕਸਾਨ ਪਾਏ ਹਨ।" ਗੋਇਆ ਕਿ ਨੁਕਸਾਨ ਪਾਣਾ ਵੀ ਹਉਮੈ ਦਾ ਕਾਰਨ ਬਣਾ ਲਿਆ। ਅੰਤਿਅੰਤ ਭਿਆਨਕ ਸ਼ਕਲਾਂ ਹਨ ਹਉਮੈ ਦੀਆਂ, ਜਿਸ ਦੀ ਹਉਮੈ ਕਰਨ ਵਾਲੇ ਨੂੰ ਹੀ ਤਕਲੀਫ ਨਹੀਂ ਹੁੰਦੀ ਬਲਕਿ ਸੁਣਨ ਵਾਲੇ ਨੂੰ ਵੀ ਕੋਝੀਆਂ ਲਗਦੀਆਂ ਹਨ। ਸਬਰ ਕਰਨ ਵਾਲੇ ਤੇ ਸਬਰ ਨਾਲ ਸੁਣਨ ਵਾਲੇ ਨੂੰ ਵੀ



Sri Satguru Jagjit Singh Ji Elibrary NamdhariElibrary@gmail.com

ਵਾਤਾਵਰਣ ਸੁਖਾਲਾ ਨਹੀਂ ਲਗਦਾ ਜਿਥੇ ਹਉਮੈ ਦਾ ਗੁਸਿਆ ਆਪਣੀਆਂ ਹੀ ਤਾਰੀਫਾਂ ਦੇ ਪੁੱਲ ਬੰਨਦਾ ਜਾਵੇ। ਉਸ ਤੰਤਰ ਦਾ ਕੀ ਬਣੇ, ਜਿਸ ਨੂੰ ਹਉਮੈ ਦੀ ਤੰਦ ਨੇ ਬੰਨ੍ਹਿਆ ਹੈ, ਜੋੜਿਆ ਹੈ ਕਿਸੇ ਗੀਤ ਦੀ ਧੁੰਨ ਕੱਢਣ ਲਈ ਤੇ ਉਸ ਸਰੀਰ ਦਾ ਕੀ ਬਣੇ ਜੋ ਨੱਚਦਾ ਹੈ... ਰਾਤ ਤੇ ਦਿਵਸ, ਮਨ ਦੇ ਇਸ਼ਾਰੇ ਤੇ।

"ਤੇਰੀ ਨਿੱਕੀ ਚੀਚੀ ਉਤੇ
ਨਾਚ ਹਜ਼ਾਰਾਂ ਨੀ ਮੈਂ ਨੱਚੇ
ਹੋਰ ਨਾ ਹੁਣ ਮੈਂ ਨੱਚ ਸਕਾਂ
ਛੱਡ ਦੇ ਛੱਡ ਦੇ ਮੇਰੀ ਬਾਂਹ...
... ਛੱਡਦੇ ਸੋਨੇ ਲੱਦੀਏ ਪਰੀਏ... ਮੈਂ
ਨਹੀਂ ਰਹਿਣਾ ਤੇਰੇ ਗਿਰਾਂ।"

ਜ਼ਿੰਦਗੀ ਭਰ ਮਨ ਸਰੀਰ ਨੂੰ ਨਚਵਾਂਦਾ ਰਹਿੰਦਾ ਹੈ। ਤਰੰਗਾਂ ਉਠਦੀਆਂ ਹਨ ਮਨ ਵਿਚ, ਤੇ ਜਿਉਂ ਜਿਉਂ ਇਸ਼ਾਰਾ............

............... ............... ............... ............... ............... ...............

## *ਹਉ ਮਨੁ ਅਰਪੀ, ਸਭੁ ਤਨੁ ਅਰਪੀ ਅਰਪੀ ਸਭ ਦੇਸਾ*

ਕਿੱਡਾ ਅਲੌਕਿਕ ਸੀ ਉਹ ਬਾਲਕ ਜੋ ਮਾਤਾ ਤ੍ਰਿਪਤਾ ਦੇ ਘਰ ਪ੍ਰਗਟਿਆ। ਪਤਾ ਨਹੀਂ ਵਿਧਾਤਾ ਨੇ ਉਸ ਨੂੰ ਕਿਵੇਂ ਸਾਜਿਆ ਸੀ। ਉਹ ਦੁਨੀਆਂ ਵਿਚ ਰੰਗੇ-ਰੰਗਾਏ ਮਨ ਨਾਲ ਵਿਚਰਿਆ। ਬਚਪਨ ਵਿਚ ਆਪਣੇ ਸੰਗੀਆਂ ਨੂੰ, ਫਿਰ ਆਪਣੇ ਆਲੇ-ਦੁਆਲੇ ਤੇ ਫਿਰ ਜਦ ਸੁੱਖਾਂ ਨਾਲ ਜਵਾਨੀਆਂ ਮਾਨਣ ਲਗਾ ਤਾਂ ਰੰਗਣ ਲਗ ਪਿਆ ਮਨ, ਸਾਰੀ ਲੁਕਾਈ ਦੇ। ਦੁੱਖਾਂ ਵਿਚ, ਝੋਰਿਆਂ ਵਿਚ ਕੁਰਲਾਹਟਾਂ ਪਾਂਦੇ ਇਨਸਾਨ ਵਿਲਕਦੇ ਜੀਵ, ਨਾਨਕ ਦੇ ਰੰਗ ਤੇ ਪਿਆਰ ਦੀ ਖੁਸ਼ਬੂ, ਸੇਵਾ ਦੀ ਖੁਸ਼ਬੂ, ਸਾਰੀ ਨਬਾਤਾਤ ਦੀ ਸੁਗੰਧੀ ਲੈਣ ਲਗੇ। ਜਿਹੜੇ ਕਪੜੇ ਨੂੰ ਰੰਗਦੇ ਹਨ, ਸੁਚੱਜੇ ਹੱਥ ਹੁੰਦੇ ਹਨ। ਰੰਗ ਨਾਲ ਖ਼ੂਬਸੂਰਤੀ ਵੱਧਦੀ ਹੈ ਤੇ ਰੰਗੇ ਹੋਏ ਕਪੜੇ ਸੁਹੱਪਣ ਵੰਡਦੇ ਹਨ। ਰੱਬ ਦੀ ਦੇਣ ਹੈ। ਹੁਸਨ ਜੋ ਹਰ ਅਰੋਗ ਮਨ ਨੂੰ ਭਾਉਂਦਾ ਹੈ। ਸੁਰਖ ਸਫੈਦ ਮਿੱਟੀ ਦਾ ਵੀ ਪ੍ਰਭਾਵ ਹੈ ਪਰ ਮਨ ਦਾ ਹੁਸਨ ਆਤਮਾ ਦਾ ਹੁਸਨ ਹੈ, ਮਨਾਂ ਦੀਆਂ ਤਰਬਾਂ ਹੀ ਹਿਲਾ ਦਿੰਦਾ ਹੈ। ਰਾਗ ਦੀ ਛਣਕਾਰ ਪੈਦਾ ਕਰਦਾ ਹੈ। ਮਿੱਠੇ ਬੋਲ, ਨਿਰਮਾਣਤਾ ਤੇ ਨਿੰਵ ਚਲਣਾ... ਸੱਚ ਤੇ ਕੇਵਲ ਸੱਚ, ਉਦਾਰਤਾ ਤੇ ਪਿਆਰ, ਇਹ ਸਭ ਗੀਤਾਂ ਦੀ ਦੁਨੀਆਂ ਰੱਚਦੇ ਹਨ। ਇਹ ਖੇੜੇ ਤੇ ਖੁਸ਼ੀਆਂ ਵਸਾਂਦੇ ਹਨ, ਇਹ ਆਤਮਾ ਦੇ ਤਰੱਨੁਮ ਦੀ ਝੰਕਾਰ ਪੈਦਾ ਕਰਦੇ ਹਨ, ਇਹ ਥਰਰਾਂਦੇ ਹਨ ਮਨ ਨੂੰ, ਉਸਾਰਦੇ ਹਨ ਮਨਾਂ ਨੂੰ, ਇਹ



Sri Satguru Jagjit Singh Ji Elibrary NamdhariElibrary@gmail.com

ਫਰਕਾਂਦੇ ਹਨ ਡੌਲੇ... ਕੁਰਬਾਨੀਆਂ ਵਾਸਤੇ, ਵਤਨ ਤੋਂ ਸਦਕੇ ਹੋਣ ਵਾਸਤੇ ਕਿਸੇ ਦੀ ਅਣਖ ਵਾਸਤੇ, ਕਿਸੇ ਅਥਰੂ ਖਾਤਰ, ਕਿਸੇ ਦੀ ਭੁੱਖ ਮਿਟਾਣ ਖਾਤਰ, ਕਿਸੇ ਨੂੰ ਬੀਮਾਰੀ ਤੋਂ ਨਜਾਤ ਦਿਵਾਉਣ ਖਾਤਰ। ਮਿਲ ਜੁਲ ਕੇ ਇਹ ਸਭ, ਮਨ ਰੰਗਦੇ ਹਨ। ਮਨਾਂ ਦਾ ਰੰਗਰੇਜ਼ ਹੈ ਸਤਿਗੁਰੂ ਨਾਨਕ ਦੇਵ ਜੀ। ਉਸ ਨੂੰ ਪ੍ਰਭੂ ਦੀ ਵਿਆਪਕਤਾ ਦਾ ਯਕੀਨ ਹੈ। ਉਸ ਪਾਸ ਹੈ ਇਲਾਹੀ ਗੀਤਾਂ ਦੀ ਪੌੜੀ, ਜਿਸ ਦਾ ਉਹ ਆਸਰਾ ਦਿੰਦਾ ਹੈ, ਸਾਰੇ ਜਗਤ ਨੂੰ, ਰੋਗੀਆਂ ਨੂੰ ਸੋਗੀਆਂ ਨੂੰ, ਜੋਗੀਆਂ ਨੂੰ ਭੋਗੀਆਂ ਨੂੰ ਬਿਨਾਂ ਕਿਸੀ ਵਿਤਕਰੇ ਦੇ, ਇਕ ਇਕ ਡੰਡਾ ਚੜ੍ਹਾ ਕੇ ਪ੍ਰਭੂ ਤਕ ਪਹੁੰਚਣ ਦਾ ਰਾਹ। ਗੀਤਾਂ ਦੀ ਪੌੜੀ ਜਿਹੜੇ ਗੀਤ ਉਹ ਰਚਦਾ ਹੈ, ਉਹ ਗੀਤ ਅਨਗਿਣਤ ਹਨ। ਇਹ ਅਤਿ ਮਿੱਠੇ ਹਨ। ਇਹ ਗੀਤ ਮਨ ਨੂੰ ਮਨਾਂਦੇ ਹਨ, ਮਾਂਜ ਮਾਂਜ ਲਿਸ਼ਕਾਂਦੇ ਹਨ, ਰੰਗਦੇ ਹਨ। ਇਹ ਗੀਤ ਹਨ ਗੁਰੂ ਗ੍ਰੰਥ ਸਾਹਿਬ ਨਾਮੀ ਉਸ ਜਹਾਜ਼ ਦੇ ਜੋ ਪਾਰ ਲੰਘਾਂਦਾ ਹੈ ਭਵਸਾਗਰ ਤੋਂ। ਇਹ ਗੀਤ ਹਨ ਮਿਲਾਪ ਦੇ, ਸੁੱਖ ਦੇ, ਵਿਛੋੜੇ ਦੇ, ਸੱਲ ਦੇ, ਇਨ੍ਹਾਂ ਵਿਚ ਬਿਰਹਾ ਦਾ ਝੋਰਾ ਹੈ ਵਸਲ ਦਾ ਹੁਲਾਰਾ ਹੈ। ਇਨ੍ਹਾਂ ਵਿਚ ਕੀਰਨੇ ਹਨ, ਵਿਛੋੜੇ ਦੇ ਤੇ ਤਰਾਨੇ ਹਨ ਮਿਲਾਪ ਦੇ। ਇਹ ਧੁਰ ਅੰਦਰੋਂ ਨਿਕਲੀਆਂ ਧੁਨਾਂ ਹਨ, ਅਲਾਪ ਹਨ। ਨਿੱਕੇ ਨਿੱਕੇ, ਮਧੁਰ ਮਧੁਰ, ਮੱਧਮ ਮੱਧਮ ਪ੍ਰਕਾਸ਼ ਦੇ ਲਖਾਇਕ ਹਨ, ਅੰਦਰਲੀਆਂ ਕੂਕਾਂ ਹਨ, ਫਰਿਆਦਾਂ ਹਨ, ਤੜਫਾਂ ਹਨ। ਮਿਲਣ ਲਈ ਤਰਲੇ ਹਨ। ਇਹ ਗਾਇਨ ਵਾਸਤੇ ਹਨ, ਮਨ ਨੂੰ ਸਰ-ਸਬਜ਼ ਕਰਨ ਲਈ ਹਨ, ਕੰਨਾਂ ਵਿਚ ਅੰਮ੍ਰਿਤ ਪਾਣ ਲਈ ਹਨ, ਨੈਣਾਂ ਵਿਚ ਅੱਥਰੂ ਲਿਆਣ ਲਈ ਹਨ। ਪ੍ਰਭੂ ਦੀ ਮਹਾਨਤਾ ਦੇ ਉਚੇ ਘਰ ਦੀ ਉਸਤਤੀ ਉਚਿਆਂ ਦੀ ਜ਼ਬਾਨੀ, ਇਨ੍ਹਾਂ ਦੇ ਸੁਰੀਲੇਪਣ ਦਾ, ਇਨ੍ਹਾਂ ਦੀ ਮਿਠਾਸ ਦਾ ਕੋਈ ਹਿਸਾਬ ਨਹੀਂ ਲਗਾ ਸਕਦਾ। ਇਹ ਅੰਮ੍ਰਿਤ ਬਚਨ ਹਨ, ਇਹ ਉਸ ਰਚਨਹਾਰੇ ਬਾਬਤ ਹਨ ਜਿਸ ਦਾ ਹਿਸਾਬ ਲਗਾਣ ਲਈ ਕੋਈ ਤਰਾਜ਼ੂ ਨਹੀਂ, ਕੋਈ ਤੋਲ ਨਹੀਂ, ਕੋਈ ਕਸਵਟੀ ਨਹੀਂ, ਕੋਈ ਸਰਾਫ਼ ਨਹੀਂ, ਉਹ ਤਾਂ ਬੇਅੰਤ ਹੈ। ਉਹ ਕੁਦਰਤ ਵਸਿਆ ਅਮੁੱਲ ਹੈ। ਉਸਦੇ ਖਜ਼ਾਨੇ ਅਮੁੱਕ ਹਨ। ਉਸ ਦਾ ਰਾਜ ਅਚੱਲ ਅਟੱਲ ਹੈ। ਗਾਵੇ ਕੋਈ ਜਿਸ ਪਾਸ ਤਾਨ ਹੋਵੇ ਗਾਣ ਦਾ ਪਰ ਗਵਈਆ ਤਾਂ ਹੈ ਜਿਹੜਾ ਤਾਨ ਤਕ ਹੈ ਜਦ ਤਦ ਸਾਹ ਚਲਦਾ ਹੈ ਪਰ ਇਹ ਕੌਣ ਜਾਣਦਾ ਹੈ ਕਿ "ਮਤ ਕਿ ਜਾਣੈ ਸਾਹ ਆਵੈ ਕਿ ਨਾ ਆਵੈ ਰਾਮੇ ਸੋ ਦਰੁ ਤੇਰਾ ਮਹਾਨ ਤੋਂ ਮਹਾਨ ਹੈ।।" "ਅਤਿ ਊਚਾ ਤਾਕਾ ਦਰਬਾਰਾ।।"...

---

*ਰਤਨਾ ਰਤਨ ਪਦਾਰਥ – ਵਿਚੋਂ ਕਿਤੋਂ-ਕਿਤੋਂ*

ਲੋਕ ਵਿਛੜੇ ਸਨ ਪ੍ਰਭੂ ਤੋਂ... ਪ੍ਰਭੂ ਦੀ ਸੰਤਾਨ ਤੋਂ, ਵੀਰ ਨੂੰ ਦੁਸ਼ਮਨ ਸਮਝਦੇ ਸਨ, ਵੰਡੀਆਂ ਸਨ ਰੰਗ ਦੀਆਂ, ਨਸਲ ਦੀਆਂ ਤੇ ਜਾਤ-ਪਾਤ ਦੀਆਂ... ਮੇਟ ਦਿਤੇ



Sri Satguru Jagjit Singh Ji Elibrary NamdhariElibrary@gmail.com

ਤੋਂਖਲੋ... ਬਣਾ ਦਿਤੇ ਮਿੱਤਰ, ਵੈਰ ਗਏ ਭਊ ਗਏ, ਤੋੜ ਦਿਤੇ ਸੰਗਲ, ਮੁਕਤੀ ਦਿਲਾਈ ਝੂਠੇ ਕਰਮ ਕਾਂਡਾਂ ਤੋਂ, ਅਨਚਾਹੀ ਜ਼ਬਰਦਸਤੀ ਦੀ ਜੋ ਅਸਲੀ ਲੁੱਟਮਾਰ ਸੀ। ਖੁਸ਼ਹਾਲ ਕਰ ਦਿੱਤੇ, ਫਸੇ ਫਸਾਏ ਖਰਚਾਂ ਤੋਂ ਪਈ ਹੋਈ ਕੰਗਾਲੀ ਤੋਂ ਦਲਿਦਰ ਦੂਰ ਕੀਤੇ, ਝੋਰੇ ਵਿਸਾਰ ਦਿੱਤੇ, ਖੇੜੇ ਬਖਸ਼ ਦਿੱਤੇ, ਐਸੇ ਮਹਾਨ ਫ਼ਰਜ਼ਾਂ ਦੀ ਪੂਰਤੀ ਵਿਚ, ਕੁੱਲ ਮਿਲਾ ਕੇ ੨੬ ਸਾਲ ਗੁਰੂ ਨਾਨਕ ਨੇ ਔਖ ਵਿਚ ਸੌਖ ਮਨਾਇਆ। ਸੁਧਾਰ ਕਰ ਕੇ ਦੁੱਖ ਦੂਰ ਕਰ ਕੇ ਸੁੱਖ ਮਨਾਇਆ ਤੇ ਲਾ ਦਿਤੇ ਇਸ ਜ਼ਿੰਦਗੀ ਦੇ ਕੀਮਤੀ ਸਾਲ ਆਬਾਦੀਆਂ ਵਿਚ ਵਾਦੀਆਂ ਵਿਚ, ਬਖੇੜਿਆਂ ਤੇ ਝੇੜਿਆਂ ਦੀ ਦੁਨੀਆਂ ਵਿਚ, ਮੁਕਾਣ ਖਾਤਰ ਇਹ ਆਧੀਆਂ ਬਿਆਧੀਆਂ ਖਤਮ ਕਰਨ ਖ਼ਾਤਰ।

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭ ਦੇਸਾ।।
ਹਉ ਤਿਸੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸੰਦੇਸਾ।।

.............. .............. .............. .............. .............. ..............

### ਧਾਨਕ ਰੂਪ ਰਹਾਂ ਕਰਤਾਰ ਵਿਚੋਂ

ਕੋਈ ਚਿਤ੍ਰਕਾਰ ਜਾਗੇਗਾ... ਹੱਥ ਵਿਚ ਬੁਰਸ਼ ਪਕੜੇਗਾ, ਜੇ ਉਸ ਨੂੰ ਇਹ ਸ਼ਬਦ ਰੰਗ ਲਗੇ ਤਾਂ ਉਹ ਚਿਤ੍ਰ ਬਣਾਵੇਗਾ... ਕਠੋਰ ਚੇਹਰਿਆਂ ਦਾ... ਮਗਰ ਲਾਏ ਸੁਆਨ ਤੇ ਸੁਆਣੀਆਂ ਦਾ... ਫਾਹੁਣ ਦੀ ਬੇ-ਸਬਰੀ ਦਾ... ਮੁੱਖ ਤੇ ਨਿੰਦਾ ਦਾ... ਹੱਥ ਵਿਚ ਛੁਰੇ ਦਾ... ਤੇ ਠੱਗ ਦੀ ਮੁਰਦਾਰ ਵਰਗੀ ਖ਼ੁਰਾਕ ਦਾ।

ਝੂਠੇ ਤੇ ਮੂਰਖ ਸਾਖੀਕਾਰਾਂ ਵਾਂਗ ਉਹ ਗੁਰੂ ਨਾਨਕ ਨੂੰ ਰੂਪ ਵਿਚ ਪੇਸ਼ ਨਹੀਂ ਕਰੇਗਾ, ਗੁਰੂ ਨਾਨਕ ਦਾ ਅਜਿਹਾ ਰੂਪ ਹੋ ਹੀ ਨਹੀਂ ਸਕਦਾ। ਉਹ ਗੁਰੂ ਸਾਹਿਬ ਦੇ ਮਗਰ ਕੁੱਤਾ, ਕੁੱਤੀਆਂ ਨਹੀਂ ਲਗਾਏਗਾ, ਹੱਥ ਵਿਚ ਡੰਡਾ ਨਹੀਂ ਫੜਾਏਗਾ, ਸਿਰ ਤੇ ਲਾਲ ਕਪੜਾ ਨਹੀਂ ਦਿਖਾਏਗਾ। ਇਹ ਸਭ ਕੁਝ ਉਹ ਸਾਡੇ ਮੂੰਹ... ਤੇ ਸਾਡੇ ਨਾਲ ਹੁੰਦਾ ਦਿਖਾਏਗਾ। ਸਾਡਾ ਵਿਕਰਾਲ ਰੂਪ ਉਹ ਜੱਗ ਦੇ ਸਾਹਮਣੇ ਲਿਆਏਗਾ, ਰੰਗਾਂ ਵਿਚ ਪੇਸ਼ ਕਰੇਗਾ ਤੇ ਸਾਡੀ ਝਾਕੀ ਸਾਨੂੰ ਦਿਖਾਏਗਾ।

ਇਸ ਸਾਰੇ ਸ਼ਬਦ ਵਿਚੋਂ ਉਹ ਨਿਮਤ੍ਰਾ ਦਾ ਗੁਣ ਪ੍ਰਗਟਾਏਗਾ, ਗੁਰੂ ਦੇ ਚਰਨ ਹਿਰਦੇ ਵਿਚ ਵਸਾਏਗਾ। ਗੁਰੂ ਚਰਨਾਂ ਵਾਲਾ ਨਹੀਂ ਗੁਰੂ ਗ੍ਰੰਥ ਗਿਆਨ ਹੈ, ਗੁਣਾਂ ਦਾ ਖਜ਼ਾਨਾ ਹੈ, ਗੁਣ ਬਖਸ਼ਦਾ ਹੈ। ਗੁਰੂ ਗ੍ਰੰਥ ਦੇ ਚਰਨ ਹਿਰਦੇ ਵਿਚ ਵਸਾਣ ਦਾ ਮਤਲਬ ਹੀ ਹੈ ਕਿ ਸਿੱਖ ਨਿਮ੍ਰਤਾ ਦਾ ਦਾਨ ਹਾਸਲ ਕਰਦਾ ਹੈ। ਗੁਰੂ ਗ੍ਰੰਥ ਵਿਚੋਂ ਮੱਤ ਉਚੀ ਗ੍ਰਹਿਣ ਕਰਦਾ ਹੈ।

ਮੁਸੱਵਰ ਦੀ ਇਹ ਤਸਵੀਰ ਨਾ ਸਿਰਫ ਸਾਨੂੰ ਸਾਡੇ ਅੰਦਰ ਝਾਤ ਪਵਾਵੇਗੀ,



Sri Satguru Jagjit Singh Ji Elibrary NamdhariElibrary@gmail.com

ਬਲਕਿ ਉਹ ਸੰਸਾਰ ਭੀ ਰਚੇਗੀ, ਜਿਸ ਸੰਸਾਰ ਦਾ ਰੂਪ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਿਖਾਵੇਗੀ ਤੇ ਸਿਖਾਏਗੀ ਗੁਣ ਹਮਦਰਦੀ... ਰੱਜ... ਪਿਆਰ... ਮਨ ਦੀ ਠੰਡ... ਪੜੋਸੀ ਨਾਲ ਭੁੱਲਾਂ ਦਾ ਜੁੜਵਾਂ ਇਹਸਾਸ... ਸ਼ੁਕਰ ਦੀ ਦੁਨੀਆ.. ਉੱਚੇ ਇਖ਼ਲਾਕ ਦਾ ਸੰਸਾਰ ਜਿਸ ਵਿਚ ਉਚ-ਨੀਚ ਦਾ, ਦੇਸ-ਪਰਦੇਸ ਦਾ... ਚਿੱਟੇ ਕਾਲੇ ਦਾ ਪਰਦਾ ਉਠ ਜਾਏ। ਤੇ ਜਿਥੇ ਸਭੇ ਸਾਂਝੀਵਾਲ ਸਦਾਇਣ... ਕੋਈ ਨ ਦਿਸਹਿ ਬਾਹਿਰਾ ਜੀਉ।। ਜਿਥੇ ਸਗਲ ਧਰਮ ਮਹਿ ਸ੍ਰੇਸ਼ਟ ਧਰਮ। ਹਰਿ ਕੋ ਨਾਮ ਜਪ ਨਿਰਮਲ ਕਰਮ। ਜਿਥੇ ਜਿਤ ਦੁਆਰੇ ਉਬਰੇ ਤਿਤੈ ਲਈਂ ਉਬਾਰਿ... ਜਿਥੇ ਤੇਰੇ ਭਾਣੇ ਸਰਬੱਤ ਦਾ ਭਲਾ... ਐਸੇ ਸੰਸਾਰ ਨੂੰ ਉਸਾਰਨ ਲਈ... ਆਪਣੇ ਹੀ ਮਨ ਦੀ ਘਾੜਤ ਘੜਨ ਲਈ... ਸਾਂਝੀ ਦੁਨੀਆਂ ਦੀ ਸਾਂਝੀ ਲੁਕਾਈ ਨੂੰ ਇਕੋ ਮਾਲਾ ਵਿਚ ਪਿਰੋਣ ਲਈ ਗੁਰੂ ਗ੍ਰੰਥ ਪਾਸੋਂ, ਸਿੱਖੀ ਧਰਮ ਪਾਸੋਂ ਖ਼ਾਕਾ ਮੰਗਿਆ ਜਾਏਗਾ ਤਾਂ ਜੋ ਨਵੀਂ ਦੁਨੀਆਂ ਉਸਰ ਸਕੇ। ਐਟਮ ਬੰਬ ਦੀ ਜੰਗ ਮਗਰੋਂ ਜਾਂ ਠੀਕ ਸੋਝੀ ਆ ਜਾਣ ਮਗਰੋਂ, ਜ਼ਖ਼ਮੀ ਦਿਲਾਂ ਤੇ ਮਲ੍ਹਮ ਲਾਣ ਲਈ... ਸੱਚ ਤੇ ਸੁੱਚ ਲਈ ਪਿਆਰ ਹੀ ਪਿਆਰ ਲਈ... ਭਰੋਸਾ ਦਾਨ ਲਈ ਬਿਬੇਕ ਦਾਨ ਲਈ ਤੇ ਨਾਮ ਦਾਨ ਲਈ।

.............. .............. .............. .............. .............. ..............

ਜਿਤਨੀ ਜ਼ਿੰਦਗੀ ਨੂੰ ਗੁਰੂ ਨਾਨਕ ਨੇ ਹੰਢਾਇਆ ਹੈ। ਜਿਤਨਾ ਰੱਜ ਕੇ ਜੀਵਨ ਜੀਵਿਆ ਹੈ ਉਹਦੀ ਮਿਸਾਲ ਲੱਭਣੀ ਔਖੀ ਹੈ। ਤਕਰੀਬਨ 30 ਸਾਲ ਘਰੋਂ ਬਾਹਰ ਰਹਿ ਕੇ ਬੇ-ਓੜਕ ਤਜਰਬਾ... ਭਾਵਾਂ ਦੀ ਕੋਮਲਤਾ ਤੇ ਇਨ੍ਹਾਂ ਬਖ਼ਸ਼ਿਸ਼ਾਂ ਨਾਲ ਘੁੰਮਣਾ ਸਾਰੇ ਜਗਤ ਵਿਚ... ਅਮੀਰਾਂ ਦੇ ਸ਼ਹਿਰ... ਗਰੀਬਾਂ ਦੀਆਂ ਬਸਤੀਆਂ... ਬੱਚਿਆਂ ਦੇ ਕਲੋਲ... ਔਰਤਾਂ ਦੇ ਦੁੱਖ ਉਨ੍ਹਾਂ ਨੇੜਿਓਂ ਦੇਖੇ। ਰੰਗਾ ਰੰਗ ਦੁਨੀਆਂ... ਸ਼ਾਹ ਫ਼ਕੀਰ... ਰਾਜੇ ਰੰਕ.. ਤੰਦਰੁਸਤ, ਬੀਮਾਰ... ਪਹਾੜਾਂ ਦੀਆਂ ਉਚਾਈਆਂ ਸਮੁੰਦਰਾਂ ਦੀ ਗਹਿਰਾਈ... ਖੰਡ ਬ੍ਰਹਮੰਡ ਸਭ ਦੇਖੇ। ਉਹਦੀ ਸ਼ਬਦਾਵਲੀ ਲਈ ਮੈਨੂੰ ਕਿਸੇ ਚਿਤ੍ਰਕਾਰ ਦੀ ਕਿਉਂ ਲੋੜ ਪਵੇ। ਉਸ ਦੇ ਤਾਂ ਆਪਣੇ ਸ਼ਬਦ ਹੀ ਚਿਤ੍ਰ ਅੱਖਾਂ ਅੱਗੇ ਲਿਆ ਦਿੰਦੇ ਹਨ। ਅਸਲੇ ਦਾ ਝੋਲਾ ਸ਼ੀਸ਼ੇ ਵਿਚੋਂ ਲਿਆ ਦਿਖਾਂਦੇ ਹਨ। ਇਸੇ ਸ਼ਬਦ ਵਿਚ ਹੀ ਦੇਖੋ ਸਾਡਾ ਵਿਕਰਾਲ ਰੂਪ... ਕੂੜ ਦਾ ਛੁਰਾ... ਕੁੱਤੇ ਕੁੱਤੀਆਂ ਨਾਲ ਫਾਹਕੇ ਨਾਜਾਇਜ਼ ਠਗਿਆ ਮਾਲ ਹੈ ਮੁਰਦਾਰ। ਮੁੱਖ ਵਿਚ ਨਿੰਦਾ ਤੇ ਤਨ ਵਿਚ ਕਾਮ ਕ੍ਰੋਧ ਦਾ ਨਿਵਾਸ... ਚੰਡਾਲ ਦੀ ਸ਼ਕਲ ਵਾਲੇ ਕਾਮ, ਕ੍ਰੋਧ, ਅੱਗ ਵਰਗੇ ਸੇਕ ਨਾਲ ਭਖਾਣ ਵਾਲੇ, ਭੱਖਣ ਵਾਲੇ।

ਨਾਨਕੀ ਭੈਣ ਦੋਹਾਂ ਬਾਲਾਂ ਨੂੰ ਖੇਡੇ ਲਵਾਏਗੀ। ਫਿਰ ਜਦ ਉਹ ਸੁਖਾਂ ਨਾਲ ਵੱਡੇ ਹੋਵਣਗੇ, ਜਵਾਨੀਆਂ ਮਾਨਣਗੇ... ਕੌਣ ਉਨ੍ਹਾਂ ਦੀ ਬਿਰਤੀ ਸਵਾਰੇਗਾ... ਕੌਣ



Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਨੂੰ ਕੁਰਾਹੇ ਪੈਣ ਤੋਂ ਰੋਕੇਗਾ। ਮਾਤਾ ਸੁਲਖਣੀ ਬੋਲਦੀ ਘੱਟ ਸੀ, ਪਰ ਉਸ ਦੇ ਨੈਣਾਂ ਦੇ ਵਗਦੇ ਹੰਝੂ ਇਕ ਬਹੁਤ ਲੰਬੀ ਕਹਾਣੀ ਸੁਣਾ ਰਹੇ ਸਨ, ਜਿਸ ਦੇ ਵਾਪਰਣ ਦਾ ਉਸ ਨੂੰ ਖ਼ਤਰਾ ਹੋ ਰਿਹਾ ਸੀ। ਪਿਤਾ ਕਲਿਆਣ ਚੰਦ ਤਾਂ ਇੰਜ ਪਿਆ ਸੀ ਜਿਵੇਂ ਕਮਰ ਟੁੱਟ ਗਈ ਹੋਵੇ। ਉਨ੍ਹਾਂ ਦਾ ਇਕੋ ਇਕ ਲੜਕਾ... ਮਸਾਂ ਮਸਾਂ ਦਾ... ਪਤਾ ਨਹੀਂ ਕਿੰਨੀਆਂ ਮੰਨਤਾਂ ਮੁਰਾਦਾਂ ਤੇ ਸੱਧਰਾਂ ਦਾ ਨਤੀਜਾ... ਕਈ ਜਨਮਾਂ ਦੇ ਤੱਪਾਂ ਦੇ ਸਦਕੇ ਉਸ ਦੇ ਘਰ ਨੂੰ ਰੌਸ਼ਨ ਕਰਨ ਆਇਆ ਸੀ ਤੇ ਅੱਜ ਉਹ ਤਿਆਰ ਬੈਠਾ ਹੈ ਲੰਬੇ ਪੈਂਡੇ ਮਾਰਨ ਨੂੰ... ਇਤਨੇ ਲੰਬੇ ਕਿ ਦੁਨੀਆਂ ਵਿਚ ਕਿਸੇ ਹੋਰ ਨੇ ਨਾ ਕਿਤੇ ਪਹਿਲਾਂ ਇੰਨੇ ਲੰਬੇ ਫਾਸਲੇ ਕੱਟੇ ਹਨ, ਤੇ ਨਾ ਹੀ ਕੋਈ ਅੱਗੋਂ ਪੈਦਲ ਚਲ ਕੇ ਸਫਰਾਂ ਦੀ ਔਖਿਆਈਆਂ ਵਿਚ ਪੈਣਗੇ। ਰਹਿ ਗਈ ਦੁਨੀਆਂ ਦੀ, ਸਭ ਤੋਂ ਖੁਸ਼ਕਿਸਮਤ ਸੁਹਾਗਣ ਜਿਸ ਦਾ ਪਤੀ ਨਬੀ ਸੀ, ਅਵਤਾਰ ਸੀ... ਪਤਾ ਨਹੀਂ ਕੀ ਸੀ, ਜੋ ਦੁਨੀਆਂ ਦੇ ਫਫੋਲੇ ਆਪਣੇ ਦਿਲ ਵਿਚ ਪਾ ਕੇ ਪਾੜਨ ਲਈ ਤਿਆਰ ਹੋਇਆ ਸੀ। ਜਿਹਦੇ ਪੈਰਾਂ ਵੱਲ ਤੱਕ ਕੇ ਉਹ ਠਰ ਜਾਇਆ ਕਰਦੀ ਸੀ ਤੇ ਕਦੇ ਨੇਤ੍ਰਾਂ ਨਾਲ ਨੇਤ੍ਰ ਮਿਲ ਜਾਣ ਤਾਂ ਐਡਾ ਹਸੀਨ ਚਿਹਰਾ ਉਹਦੇ ਅੰਤਕਰਣ ਵਿਚ ਜਾ ਧੱਸਦਾ ਸੀ। ਅਕਾਲ ਰੂਪ ਨਾਨਕ ਰੱਬ ਵਰਗਾ ਸੋਹਣਾ, ਜਿਸ ਨੂੰ ਤੱਕ ਕੇ ਰਾਹੇ ਜਾਂਦਿਆਂ ਦੀ ਵੀ ਭੁੱਖ ਲਹਿ ਜਾਂਦੀ ਸੀ... ਐਸਾ ਪਤੀ ਉਸ ਨੂੰ ਘਰ ਛੱਡ ਕੇ... ਦਲੀਲਾਂ ਦੇ ਕੇ... ਦਲੀਲਾਂ ਵਿਚ ਪਾ ਰਿਹਾ ਸੀ।

ਅਜੇ ਤੁਲਸਾਂ ਦਾਈ ਭੀ ਮੂਰਤੀ ਬਣ ਕੇ ਖੜੀ ਸੀ। ਉਸ ਇਕ ਦਿਨ ਸੁੱਤੇ ਪਏ ਨਾਨਕ ਦੇ ਪੈਰ ਦਾ ਅੰਗੂਠਾ, ਪਿਆਰ ਵਿਚ ਆ ਕੇ ਮੂੰਹ ਵਿਚ ਪਾ ਲਿਆ, ਅੰਗੂਠਾ ਚੂਸਦੀ ਗਈ ਤੇ ਇਲਾਹੀ ਹੁਲਾਰੇ ਮਾਣਦੀ ਰਹੀ। ਬੜਾ ਪਿਆਰ ਕਰਦੀ ਸੀ ਉਹ ਨਿੱਕੇ ਜਿਹੇ ਨਾਨਕ ਨੂੰ, ਸਾਰਾ ਦਿਨ ਖਿਡਾਂਦੀ ਰਹਿੰਦੀ ਸੀ ਤੇ ਦੇਖ-ਭਾਲ ਵੀ ਕਰਦੀ ਸੀ ਤੇ ਸੇਵਾ ਵੀ। ਇਹ ਸਾਰੇ ਖੜੇ ਹਨ ਇਕ ਪਾਸੇ ਤੇ ਨਾਨਕ ਖੜਾ ਹੈ ਦੂਜੇ ਪਾਸੇ... ਦਲੀਲ ਦੇ ਰਿਹਾ ਹੈ ਆਪਣੀ ਸ਼ੀਰੀਂ ਜ਼ਬਾਨ ਨਾਲ। ਜਾਣਦਾ ਹੈ ਕਿ ਕਿਤਨਾ ਅਨ-ਸੁਖਾਵਾਂ ਲਗ ਰਿਹਾ ਹੈ ਉਸ ਦੇ ਪਰਿਵਾਰ ਨੂੰ ਉਹਦੀਆਂ ਲੰਬੀਆਂ ਵਾਰਦਾਤਾਂ ਨੂੰ ਸੁਨਣਾ, ਕਿਤਨਾ ਕਹਿਰ ਭਰਿਆ ਹੈ ਵਿਛੋੜੇ ਦਾ ਸੱਲ। "ਮਿਲਣ ਆਵਾਂ ਕਰਾਂਗਾ ਜਦੋਂ ਮੇਰੀ ਭੈਣ ਬਹੁਤ ਉਦਾਸ ਹੋ ਜਾਵੇਗੀ, ਪਰ ਦੇਖੋ ਨਾ ਮੈਂ ਦੋ ਬੱਚਿਆਂ ਨੂੰ ਯਤੀਮ ਵਾਲੀ ਹਾਲਤ ਵਿਚ ਛੱਡ ਰਿਹਾ ਹਾਂ, ਪਰ ਉਨ੍ਹਾਂ ਦੀ ਦੇਖ ਭਾਲ ਕਰਨ ਵਾਲੇ ਕਈ ਹਨ, ਬੁੱਢੇ ਦਾਦਾ, ਦਾਦੀ.....ਅਤਿ ਪਿਆਰੀ ਭੂਆ, ਮਮਤਾ-ਮਈ ਮਾਂ, ਹੋਰ ਸਾਰੇ ਪਿੰਡ ਦੇ ਸਨੇਹੀ ਗੁਆਂਢੀ, ਪਰ ਮੇਰੇ ਪਰਮ ਪਿਤਾ ਪਾਸੋਂ ਦੁਨੀਆਂ ਦੇ ਨਿਵਾਸੀ ਵਿਛੜੇ ਹੋਏ ਹਨ। ਦੁਨੀਆਂ ਅਨਾਥ ਹੋ ਰਹੀ ਹੈ ਕਰਤਾਰ ਪਾਸੋਂ ਵਿਛੜ ਕੇ, ਤੇ ਘਰ ਘਰ ਅੱਗ ਲਗੀ ਪਈ ਹੈ....."ਨਾਨਕ ਦੁਖੀਆ ਸਭ ਸੰਸਾਰ।" ਰਾਜੇ ਸ਼ੀਂਹ ਹੋ ਗਏ ਹਨ....ਮੁਕੱਦਮ ਕੁੱਤੇ ਹੋ ਗਏ



Sri Satguru Jagjit Singh Ji Elibrary NamdhariElibrary@gmail.com

ਹਨ...ਕਾਜ਼ੀ ਵੱਢੀ ਲੈ ਕੇ ਹੱਕ ਮਾਰ ਰਹੇ ਹਨ....ਸਾਰੇ ਸੰਸਾਰ ਦੇ ਘਰਾਂ ਤੇ ਅੰਧੇਰਾ ਛਾਇਆ ਹੋਇਆ ਹੈ....ਮੇਰੇ ਵਾਹਿਗੁਰੂ ਨੇ ਮੈਨੂੰ ਵੀ ਇਕ ਜ਼ਿਮੇਵਾਰੀ ਸੌਂਪੀ ਹੈ, ਉਸ ਤੋਂ ਵਿਛੜੇ ਸੰਸਾਰ ਨੂੰ ਉਸ ਨਾਲ ਮੇਲ ਕਰਾਣਾ ਹੈ।

ਬਸ.....ਘਰਦਿਆਂ ਨੂੰ ਉਦਾਸ ਛੱਡ, ਆਪ ਚੜ੍ਹਦੀ ਕਲਾ ਵਿਚ ਆ, ਟੁਰ ਪਿਆ ਕੰਡਿਆਲੀਆਂ ਪਗਡੰਡੀਆਂ ਤੇ, ਦਿਲ ਵਿਚ ਸਾਥ ਹੈ ਪ੍ਰਭੂ ਦਾ..... ਨਾਲ ਸੰਗ ਹੈ ਪਿੰਡ ਦੇ ਮਰਾਸੀ ਮੁੰਡੇ ਦਾ

ਤੁਰਦੇ ਜਾਂਦੇ ਹਨ ਦੋਵੇਂ ਲੰਬੀਆਂ ਵਾਟਾਂ ਮਾਰਦੇ ਤੇ ਅਮੁਕ ਪੈਂਡਿਆਂ ਨੂੰ ਰੌਂਦਦੇ, ਕਦੇ ਰੋੜਾਂ ਨੂੰ ਬਿਸਤਰ ਬਣਾਂਦੇ ਹਨ, ਕਦੀ ਅੱਕ ਨੂੰ ਹੀ ਅਹਾਰ ਬਨਣਾ ਪੈਂਦਾ ਹੈ ਪਰ ਸੰਤੋਖ ਨਾਲ ਖਾਂਦੇ ਮਿੱਠੀ ਨੀਂਦ ਸੌਂਦੇ ਹਨ।

ਮੱਤ ਭਰਮਾਂਦੇ ਹਨ, ਝਰਨਿਆਂ ਦੇ ਮੁਕਤ ਸੁਰ ਨਾਲ ਸੁਰ ਰਲਾ ਕੇ ਸ਼ਬਦਾਂ ਸੰਗ ਜੁੜ ਕੇ ਸੰਗੀਤ ਬਣਾਂਦੇ ਹਨ, ਮੋਰਾਂ ਸੰਗ ਪੈਲਾਂ ਪਾਂਦੇ ਹਨ, ਚਿੜੀਆਂ ਤੇ ਬੁਲਬੁਲਾਂ ਦੀ ਮਿੱਠੀ ਸੁਰ ਵਿਚ ਆਪਣਾ ਰਾਗ ਅਲਾਪਦੇ ਹਨ। ਗਾਂਉਂਦੇ ਕੀ ਹਨ ਬਸ ਰੂਹ ਦੀ ਆਵਾਜ਼ ਸੁਣਾਂਦੇ ਹਨ। ਕਿਤੇ ਦੁਖ ਕੱਟਣ ਦੇ ਗੀਤ ਗਾਂਦੇ ਹਨ, ਕਿਤੇ ਭੁੱਖੇ ਪੇਟ ਦੀ ਕਸਕ ਦਰਸਾਂਦੇ ਹਨ, ਕਿਤੇ ਦਾਤੇ ਦਾ ਸ਼ੁਕਰਾਨਾ ਕਰਦੇ ਹਨ...ਸਭ ਕੁਝ ਆਪਣੇ ਗੀਤਾਂ ਦੀ ਬੋਲੀ ਰਾਹੀਂ.....ਦੁੱਖ ਵਿਚ, ਸੁੱਖ ਵਿਚ ਨਿਰਲੇਪ ਹਨ ਤੇ ਸਿਖਾਂਦੇ ਹਨ ਕਿ ਦੁਖ ਸੁਖ ਵਿਚ ਫਰਕ ਨਹੀ। ਕੇਵਲ ਮਨ ਦੀ ਅਵਸਥਾ ਹੈ। ਗਾਂਦੇ ਹਨ ਬਸ ਆਪਣੇ ਲਈ, ਕਿਸੇ ਦੇ ਕਹੇ ਨਹੀਂ, ਕਿਸੇ ਦੇ ਵਾਸਤੇ ਨਹੀਂ, ਕਿਸੇ ਇਨਾਮ ਲਈ ਨਹੀਂ, ਕਿਸੇ ਜੱਸ ਲਈ ਨਹੀਂ : ਜਾਂ ਤਾਂ ਪ੍ਰਭੂ ਤੋਂ ਵਿਛੜਨ ਦੇ ਸੱਲ ਸੁਣਾਂਦੇ ਹਨ ਜਾਂ ਵਸਲ ਦੀ ਖੁਸ਼ੀ ਦਾ ਬਿਆਨ ਕਰਦੇ ਹਨ। ਮਨ ਦੀ ਅਵਸਥਾ ਦਾ ਹਾਲ ਗਾਂਦੇ ਹਨ ਆਪਣੇ ਲਈ ਤੇ ਸਰੋਤਾ ਜਨਾਂ ਲਈ। ਕਿਸੇ ਦੇ ਭੈ ਵਿਚ ਨਹੀਂ ਕਿਸੇ ਦੀ ਖੁਸ਼ਾਮਦ ਲਈ ਨਹੀਂ......ਕਿਸੇ ਪ੍ਰਾਪਤੀ ਲਹੀ ਨਹੀਂ।

ਗਾਉਂਦੇ ਹਨ ਕਦੀ ਦੁਖਾਂ ਤੇ ਝੋਰਿਆਂ ਦੀ ਕਹਾਣੀਆਂ ਜਦ ਕੋਈ ਬਾਬਰ ਹਿੰਦੁਸਤਾਨ ਤੇ ਹਮਲਾ ਕਰਦਾ ਹੈ, ਤਿਆਰ ਕਰਦੇ ਹਨ ਜਨਤਾ ਨੂੰ, ਹੌਸਲਾ ਵਧਾਂਦੇ ਹਨ...ਸਾਹਸ ਭਰਦੇ ਹਨ ਜਦੋਂ ਉਹ ਡਰ ਨਾਲ ਭੈ-ਭੀਤ ਹੁੰਦੇ ਹਨ। ਜ਼ਾਲਮ ਬਾਦਸ਼ਾਹਾਂ ਨੂੰ ਵੀ ਮੂੰਹ ਤੇ ਸੁਣਾਂਦੇ ਹਨ, ਜਦੋਂ ਬੱਚਿਆਂ ਦੀ ਕੁਰਲਾਹਟ ਸੁਣਦੇ ਹਨ।.......

................ ................ ................ ................ ................ ................

ਉਸ ਦੀ ਗੋਦੀ ਪਾ ਦੇਣ ਵਿਚ ਮਿਲਦੀ ਹੈ...ਕਿਸੇ ਅਨਾਥ ਦੀ ਬਾਂਹ ਫੜ ਕੇ ਮਿਲਦੀ ਹੈ....ਕਿਸੇ ਅੰਨ੍ਹੇ ਦੀ ਡੰਗੋਰੀ ਬਣ ਕੇ ਮਿਲਦੀ ਹੈ। ਸੁਸਤੀ ਵਿਚ ਪਿਆਂ ਨੂੰ....ਹੰਕਾਰ ਦੇ ਮਾਰਿਆਂ ਨੂੰ ਕ੍ਰੋਧੀਆਂ ਨੂੰ......ਕੌਡੇ ਰਾਖਸ਼ ਨੂੰ...ਸੱਜਣ ਠੱਗ ਨੂੰ ਜੋ ਠੰਡ ਪਾ ਕੇ ਗੁਰੂ ਨਾਨਕ ਨੂੰ ਮਿਲਦੀ ਹੈ। ਇਹ ਰਚਨਾਤਮਕ ਖੁਸ਼ੀ ਹੈ



Sri Satguru Jagjit Singh Ji Elibrary NamdhariElibrary@gmail.com

ਇਹ ਕਰਤਾ ਪੁਰਖ ਦੀ ਵਾਦੀ ਹੈ...ਉਸ ਦੇ ਉਪਾਸ਼ਕ ਦਾ ਰਸਤਾ ਹੈ।

ਰਚਨਾਤਮਕ ਖੁਸ਼ੀ ਹੀ ਪਾਏਦਾਰ ਹੈ ਕਿਉਂਕਿ ਜੀਵਨ ਉਸ ਨੂੰ ਧਾਰਨ ਕਰ ਲੈਂਦਾ ਹੈ, ਤੇ ਜਦ ਜੀਵ ਵਿਛੜਦਾ ਹੈ ਜਿਸਮ ਕੋਲੋਂ, ਤਾਂ ਜੀਵ ਇਸ ਖੁਸ਼ੀ ਨਾਲ ਭਰਪੂਰ ਹੁੰਦਾ ਹੈ। ਇਸ ਤਰ੍ਹਾਂ ਦੀਆਂ ਸਾਰੀਆਂ ਖੁਸ਼ੀਆਂ ਨਾਲ ਜੋ ਬਾਣੀ ਬਖਸ਼ਦੀ ਹੈ, ਜੋ ਰੂਪ ਦਾਨ ਕਰਦੀ ਹੈ...ਜੋ ਰੰਗ ਤੇ ਖੁਸ਼ਬੂ ਦੋਨੋਂ ਜੀਵ ਦੇ ਸਹਾਈ ਹੁੰਦੇ ਹਨ।

ਆਖ਼ਿਰ ਮੈਂ ਕਹਿ ਕੀ ਰਿਹਾ ਹਾਂ ? ਜੀਵ ਕੋਈ ਵਸਤੂ ਹੈ ਜਿਸ ਉੱਤੇ ਖੁਸ਼ੀ ਦਾ ਭਾਰ ਲਦਿਆਂ ਜਾ ਸਕਦਾ ਹੈ। ਨਹੀਂ ਇਕ ਸੁਗੰਧੀ ਹੈ....ਇਕ ਵਾਸ਼ਨਾ ਹੈ...ਇਕ ਹਾਲਤ ਹੈ। ਸੁਪਨੇ ਕਦੇ ਅਜ਼ਮਾਏ ਨੇ, ਭੈੜੇ ਜਿਹੇ ਸੁਪਨੇ ਦਾ ਭਾਰ ਕਦੇ ਤੱਕਿਆ ਜੇ, ਡਰਾਉਣੇ ਸੁਪਨੇ ਦਾ ਭਾਰ ਕਦੇ ਤੱਕਿਆ ਜੇ, ਡਰਾਉਣੇ ਸੁਪਨੇ ਦੀ ਕਠੋਰਤਾ ਵੇਖੀ ਜੇ....ਤੇ ਫਿਰ ਕਦੇ ਵਾਹਿਗੁਰੂ ਨੂੰ ਦਿਲ ਵਿਚ ਵਸਾ ਕੇ....ਨਿਮ੍ਰਤਾ...ਸਚਾਈ....ਨਿਰਕਪਟਤਾ.....ਨਿਰਛਲਤਾ ਦੀਆਂ ਤਰੰਗਾਂ ਤੇ ਹੁਲਾਰੇ ਸਪਨੇ ਵਿਚ ਜਾਂ ਜਾਗਦਿਆਂ ਦੇਖਿਆ ਜੇ। ਮੈਂ ਦੋਵੇਂ ਹਾਲਤਾਂ ਤੱਕੀਆਂ ਹਨ। ਜਦ ਬਾਣੀ ਵਿਸਰ ਜਾਂਦੀ ਹੈ, ਤਦ ਪੱਕੇ ਰੋਗੀ ਵਾਂਗ ਵਿਰਲਾਪ ਹੁੰਦੀ ਹੈ ਤੇ ਜੇ ਕਦੀ ਕਠੋਰ ਸੁਪਨਾ ਆ ਜਾਵੇ ਤਦ ਮਨ ਸਹਿਮ ਜਾਂਦਾ ਹੈ ਤੇ ਇਸ ਦੇ ਮੁਕਾਬਲੇ ਤੇ ਹਲਕਾ ਹਲਕਾ ਸੁਆਦਲਾ ਸੁਪਨਾ ਆ ਜਾਂਦਾ ਹੈ ਤੇ ਮਿੱਠੇ ਸੁਗੰਧਿਤ ਵਾਤਾਵਰਣ ਦਾ ਸੁਪਨੇ ਵਿਚ ਜਾਂ ਜਾਗਦਿਆਂ ਮਨ ਨੂੰ ਅਹਿਸਾਸ ਹੋਣ ਲਗਦਾ ਹੈ। ਬਸ ਫਿਰ ਮਾਨਤਾ...ਮਾਫ਼ੀ...ਸਬਰ...ਸੰਤੋਖ ਤੇ ਸੱਚੇ ਦਿਲੋਂ ਕੀਤੇ ਦਾਨ ਦਾ ਸੁਆਦ ਅੰਮ੍ਰਿਤ ਜਲ ਵਿਚ ਕੀਤੇ ਇਸ਼ਨਾਨ ਦਾ ਸੁਆਦ....ਜਿਸਮ ਲਈ...ਆਤਮਾ ਲਈ...ਇਹ ਸਾਰੀਆਂ ਖੂਬਸੂਰਤੀਆਂ ਇਹ ਹਨ ਜੋ ਚੇਤਨ ਵਿਚ ਸਮਾ ਜਾਂਦੀਆਂ ਹਨ ਤੇ ਸ਼ਾਇਦ ਇਸ ਦਾ ਨਾਮ ਹੈ ਰੂਹ ਜਾਂ ਆਤਮਾ ਜਿਹੜੀ ਸ਼ਾਇਦ ਜਿਸਮ ਤੋਂ ਵਿਛੜ ਕੇ ਖੁਸ਼ੀਆਂ ਦੀ ਭਾਗੀ ਹੁੰਦੀ ਹੋਵੇਗੀ। ਇਸੇ ਨੂੰ ਧਾਰਮਿਕ ਸਾਹਿਤ ਸਦੀਵੀ ਖੁਸ਼ੀ ਸੱਦਦੇ ਹੋਣਗੇ, ਕਿਉਂਕਿ ਖੁਸ਼ੀ ਸੋਗ ਤਾਂ ਜਿਸਮਾਨੀ ਚੀਜ਼ਾਂ ਹਨ ਜੋ ਇਥੇ ਹੀ ਰਹਿ ਜਾਂਦੀਆਂ ਹਨ। ਧਨ ਦੌਲਤ....ਮਹਿਲ ਮਾੜੀਆਂ ਜਿਹੜੀਆਂ ਸਾਥ ਨਹੀਂ ਦਿੰਦੀਆਂ ਉਹ ਸਥੂਲ ਚੀਜ਼ਾਂ ਹਨ। ਆਤਮਕ ਖੇੜੇ ਦੀਆਂ ਖੁਸ਼ੀਆਂ ਜਦ ਚੇਤਨਾ ਦਾ ਭਾਗ ਬਣਦੀਆਂ ਸਮਝੀਆਂ ਜਾਂਦੀਆਂ ਹਨ ਉਹ ਹੀ ਸਦੀਵੀ ਸਚਾਈਆਂ ਹਨ, ਸਦੀਵੀ ਖੁਸ਼ੀਆਂ ਕਹੀਆਂ ਜਾ ਸਕਦੀਆਂ ਹਨ।

..............................................................................................

## "ਕਿਸ ਨਾਲ ਕੀਚੈ ਦੋਸਤੀ"

ਅਸੀਂ ਗੱਲ ਚਲਾ ਰਹੇ ਸਾਂ ਦੁਨੀਆਂ ਦੀ ਨਾਸ਼ਮਾਨੀ ਤੇ ਇਸ ਲੇਖ ਦਾ ਪਹਿਲਾ ਵਾਕ ਸੀ "ਛੱਬੀ ਸਾਲ ਦਾ ਸਾਥ ਦਿਤਾ ਮਰਦਾਨੇ ਨੇ ਗੁਰੂ ਨਾਨਕ ਨੂੰ"-



Sri Satguru Jagjit Singh Ji Elibrary NamdhariElibrary@gmail.com

ਇਹ ਮਰਦਾਨਾ ਜੋ ਗੁਰੂ ਦੀ ਬਾਣੀ ਨੂੰ ਅਲਾਪ ਦਿੰਦਾ ਸੀ...ਉਸ ਵਿਚ ਰਾਗ ਭਰ ਦਿੰਦਾ ਸੀ, ਉਨ੍ਹਾਂ ਨਾਲ ਮਿਲ ਕੇ ਦੁੱਖ ਸੁੱਖ ਵਿਚ, ਉਨ੍ਹਾਂ ਦੇ ਤਿਆਗ ਵਿਚ ਸਾਥੀ ਸੀ....ਕਿਤਨੀ ਮੁਹੱਬਤ ਕੀਤੀ ਹੋਵੇਗੀ ਮਰਦਾਨੇ ਨੇ ਗੁਰੂ ਨਾਨਕ ਨਾਲ, ਜੋ ਗੁਰੂ ਨਾਨਕ 26 ਸਾਲਾਂ ਵਿਚ ਦੋ ਪੈਸੇ ਇਕੱਠੇ ਕਰ ਕੇ ਘਰ ਨਹੀਂ ਲਿਆਇਆ ਤਾਂ ਮਰਦਾਨਾ ਵੀ ਖ਼ਾਲੀ ਹੱਥ ਹੀ ਪਰਤਿਆ ਹੈ। ਲੈ ਗਿਆ ਖ਼ੁਸ਼ੀਆਂ...ਦੁਖੀਆਂ ਦੇ ਦੁਖ ਹਰਨ ਵਿਚ ਸਾਂਝੀ ਬਣ ਕੇ....ਗੁਰੂ ਨਾਨਕ ਦੇ ਦੁਖੀਆਂ ਦੇ ਕੀਰਨੇ ਸੁਣਕੇ

ਹੰਝੂ ਪੂੰਝਦਾ ਸੀ ਤਾਂ ਮਰਦਾਨਾ ਵੀ ਪ੍ਰਭਾਵਿਤ ਹੁੰਦਾ ਸੀ। ਉਹ ਵੀ ਉਸ ਖੇੜੇ ਦਾ ਭਾਗੀ ਬਣਦਾ ਸੀ...ਪਰ ਹੁਣ ਚਲਾ ਗਿਆ ਸਾਥ ਛੱਡ ਕੇ.. ਮਰਦਾਨੇ ਦਾ ਸ਼ਰੀਰ ਜੋ ਮਿੱਟੀ ਸੀ....ਇਤਿਹਾਸ ਕਹਿੰਦਾ ਹੈ ਕਿ ਅਫ਼ਗਾਨਿਸਤਾਨ ਦੇ ਕੋਲ ਅੰਤਮ ਸਵਾਸ ਲੈ ਗਿਆ ਤੇ ਗੁਰੂ ਨਾਨਕ ਨੇ ਉਹਦੀ ਕਬਰ ਬਣਾਈ...ਉਪਰ ਮਿੱਟੀ ਪਾ ਦਿਤੀ, ਮਰਦਾਨੇ ਦਾ ਜਿਸਮ ਮਿੱਟੀ ਹੋ ਗਿਆ। ਮਰਦਾਨੇ ਦਾ ਸਾਥ ਗਿਆ, .ਰਬਾਬ ਦੀ ਤਾਰ ਟੁੱਟੀ, ਗੁਰੂ ਨਾਨਕ ਤੇ ਅਨਿਖੜਵੇਂ ਲਕੜੀ ਦੇ ਬਣੇ ਪਊਏ ਜਿਨਾਂ ਬੜਾ ਸਾਥ ਦਿਤਾ ਸੀ ਉਹ ਵੀ ਬੰਦ ਹੋ ਗਏ ਲਹਿਲਹਾਣ ਤੋਂ, ਬਹਾਰ ਖ਼ਤਮ ਹੋ ਗਈ.....ਪੱਤਝੜ ਆ ਗਈ, ਹਰੀਆਂ ਪਹਾੜੀਆਂ ਪੱਥਰੀਲੀਆਂ ਹੋ ਗਈਆਂ, ਰੰਗ ਬਦਲ ਗਿਆ ਤੇ ਆਖਿਆ ਨਾਨਕ ਨੇ "ਕਿਸ ਨਾਲ ਕੀਚੈ ਦੋਸਤੀ"।

ਆਪਣੇ ਅਨੇਕਾਂ ਤਜਰਬਿਆਂ ਵਿਚ ਲੱਖਾਂ ਆਦਮੀਆਂ....ਔਰਤਾਂ....ਬੱਚਿਆਂ ਦੀ ਘਰੋਗੀ ਜ਼ਿੰਦਗੀ ਦਾ ਮੁਤਾਲਿਆ ਕਰਦਿਆਂ ਕਈ ਐਸੇ ਹਾਲਾਤ ਵੀ ਦਰਪੇਸ਼ ਆਏ ਜੋ ਸੁਭਾਵਕ ਨਹੀਂ ਹੁੰਦੇ.....ਜੋ ਆਮ ਨਹੀਂ ਹੁੰਦੇ.....ਜੋ ਅਨਹੋਣੇ ਵਾਕਿਆਤ ਵੀ ਲਗਦੇ ਹਨ। ਪਰ ਜਿਸ 26 ਸਾਲ ਗੁਜ਼ਾਰੇ ਹੋਣ, ਕੁਦਰਤ ਦੇ ਕ੍ਰਿਸ਼ਮਿਆਂ ਵਿਚ ਉੱਚਾਈ ਦੀ ਸਿਖਰ ਤੇ, ਕਿਦਾਰਨਾਥ.....ਬਦਰੀ ਨਾਥ ਤੇ ਸੁਮੇਰ ਦੀਆਂ ਉੱਚਾਈਆਂ ਤੇ ਫਿਰ ਪਉੜੀਆਂ ਉਤਰਦਾ ਜਾ ਪੁੱਜਾ ਨੀਲੇ ਸਮੁੰਦਰਾਂ ਵਿਚ, ਸ਼ਾਂਤ ਝੀਲਾਂ ਤੇ, ਕਦੀ ਉਸ ਭਖਦਾ ਉਬਲਦਾ ਲਾਵਾ ਭੀ ਠਾਰਿਆ ਹੋਵੇਗਾ, ਕਦੇ ਮਿੱਠੇ ਪਾਣੀਆਂ ਦੇ ਚਸ਼ਮੇ ਕੁਦਰਤ ਦੀਆਂ ਰੰਗੀਨੀਆਂ, ਪਤਿਆਂ ਦੀ ਸ਼ਾਂ, ਸ਼ਾਂ, ਫੁਲਾਂ ਦਾ ਖੇੜਾ ਤੇ ਖੁਸ਼ਬੂ, ਨਬਾਤਾਤੀ ਸੰਸਾਰ ਦੇ ਚੰਦਨੀ ਸੁਗੰਧ ਹਵਾ ਦਾ ਪਸਾਰਾ....ਕਿਤੇ ਜਪ, ਭਾਓ ਤੇ ਪੂਜਾ, ਕਿਤੇ ਅੰਧ ਘੋਰ ਹਰਾਮ ਖ਼ੋਰ ਲੋਕੀ..ਕੀ ਕੁਝ ਤੱਕਿਆ ਗੁਰੂ ਨਾਨਕ ਨੇ!........

ਤੂੰ ਸੁਣ ਹਰਨਾ ਕਾਲਿਆ

ਇਸੇ ਸ਼ਬਦ ਨੂੰ ਲਈਏ ਤਾਂ ਪਹਿਲਾਂ ਕਾਲੇ ਹਰਣ ਨਾਲ ਗੱਲਬਾਤ ਛੇੜਦੇ ਹਨ। ਉਸ ਨੂੰ ਉਪਦੇਸ਼ ਦਾ ਮਾਧਯਮ ਬਣਾ ਕੇ ਸਾਡੇ ਕੰਨ ਖੋਲ੍ਹਦੇ ਹਨ। ਕਾਲੇ ਹਰਣ ਨੂੰ ਵਿਸ਼ੇ ਰੂਪ ਫਲ ਖਾਂਦਾ ਦੇਖਦੇ ਹਨ। ਕਿਸਾਨ ਦੀ ਖੇਤੀ ਵਿਚ ਵੱਡਮੁਲਾ ਬਾਗ ਹੈ, ਹਰਣ ਉਹ ਖਾਂਦਾ ਹੈ। ਕਾਲਾ ਹਰਣ ਇਕ ਹਰਣੀਆਂ ਦੀ ਡਾਰ ਦਾ



Sri Satguru Jagjit Singh Ji Elibrary NamdhariElibrary@gmail.com

ਕੱਲਾ ਕੱਲਾ ਪਤੀ ਹੈ। ਇਕ ਪਾਸੇ ਮੂੰਹ ਦੇ ਸਵਾਦ ਵਿਚ ਉਹ ਕਿਸਾਨ ਦਾ ਨੁਕਸਾਨ ਕਰ ਰਿਹਾ ਹੈ ਤੇ ਦੂਜੇ ਪਾਸੇ ਉਹ ਕਾਮ ਦੇ ਨਸ਼ੇ ਵਿਚ ਮਸਤ ਹੈ। ਉਸ ਹਰਣ ਦੀ ਆਤਮਾ ਹਿਲਾਣ ਦੇ ਬਹਾਨੇ ਉਹ ਸਾਡੀ ਆਤਮਾ ਨੂੰ ਹਿਲਾ ਰਹੇ ਹਨ। ਕੀ ਨਕਸ਼ਾ ਖਿਚਿਆ ਹੈ ? ਕੀ ਚਿਤ੍ਰ ਚਿਤਰਿਆ ਹੈ ? ਅੱਖਾਂ ਦੇ ਸਹਾਮਣੇ ਜਿਵੇਂ ਹਰਣਾਂ ਦੀ ਡਾਰ ਖੜੀ ਕਰ ਦਿਤੀ ਹੈ, ਕਿਸਾਨ ਦੀ ਬਾੜੀ ਦਿਖਾ ਦਿਤੀ ਹੈ ਲਫਜ਼ਾਂ ਦੇ ਬਣੇ ਇਸ ਚਿਤ੍ਰ ਨਾਲ ਕਿਹੜਾ ਹਿਰਦਾ ਪ੍ਰਭਾਵਤ ਨਾਂਹ ਹੋਵੇਗਾ। ਕਿਹੜੀ ਜ਼ਮੀਰ ਝੰਜੋੜੀ ਨਾ ਜਾਏਗੀ ਕਿਹੜੀਆਂ ਅੱਖਾਂ ਪਛਤਾਵੇ ਨਾਲ ਨਮ ਨਾ ਹੋਈਆਂ ਹੋਣਗੀਆਂ, ਕਿਹੜਾ ਮਨ ਸੋਚ ਲਈ ਮਜਬੂਰ ਨਾ ਹੋਇਆ ਹੋਵੇਗਾ। ਕੁਦਰਤ ਦੀ ਇਸ ਝਾਕੀ ਵਿਚ ਦਰਸਾ ਰਹੇ ਹਨ ਗੁਰੂ ਸਾਹਿਬ ਕਿ ਇਹ ਵਿਸ਼ੈ ਫਲ  ਸਿਰਫ ਚਾਰ ਦਿਨ ਦੇ ਲਈ ਮਿੱਠੇ ਹਨ। ਅੱਖਾਂ ਨੂੰ ਚੁੰਧਿਆਂਦੇ ਹਨ ਤੇ ਫਿਰ ਖੱਟੇ ਹੋਏ ਦਿਸਦੇ ਹਨ ਤੇ ਭੈੜੇ ਲਗਦੇ ਹਨ, ਦੁਖ- ਦਾਈ ਹੁੰਦੇ ਹਨ ਤੇ ਫਿਰ ਜਦ ਦੁਖਦਾਈ ਨਜ਼ਰ ਆਉਂਦੇ ਹਨ ਤਾਂ ਮਨ ਸੋਚ ਵਿਚ ਪੈਂਦਾ ਹੈ ਕਿ ਜਿਸ ਫਲ ਤੇ ਤੂੰ ਬਹੁਤ ਮਸਤ ਹੋਇਆ ਫਿਰਦਾ ਹੈਂ ਉਹ ਬਹੁਤ ਦੁਖ ਦਿੰਦਾ ਹੈ।

ਮਿੱਠੇ ਫਲ ਕੁੜੱਤਨ ਵਿਚ ਬਦਲਦੇ ਹਨ, ਖਟਾਈ ਵਿਚ ਤਬਦੀਲ ਹੁੰਦੇ ਹਨ, ਦੁਖ ਦਿੰਦੇ ਹਨ। ਬਹੁਤ ਤਪਦੇ ਹਨ...ਮਿੱਠੇ ਫਲਾ ਇਨ੍ਹਾਂ ਵਿਚ ਮਸਤਿਆ ਮਨ ਸਮਝਦਾ ਨਹੀਂ ਕਿ ਉਸਦੇ ਪਾਸ ਹੋਰ ਕੀ ਹੈ ਜਿਸ ਨਾਲ ਉਹ ਮਨ ਨੂੰ ਪਰਚਾਵੇ ਤੇ ਐਸਾ ਪਰਚਾਵੇ ਜਿਸ ਦੀ ਉਮਰ ਹੋਵੇ। ਜਿਸ ਦਾ ਥਹੁ ਥਿੱਤਾ ਹੋਵੇ, ਜਿਸ ਵਿਚ ਸਥਿਰਤਾ ਹੋਵੇ, ਲੰਬੇ ਅਰਸੇ ਲਈ ਸਾਥ ਦੇਵੇ। ਮਿੱਠਾ ਫਲ ਮਿੱਠਾ ਹੀ ਲਗਦਾ ਰਹੇ ਚਿਰ ਕਾਲ ਤਕ। ਨਾ ਕੇਵਲ ਇਸ ਸੰਸਾਰ ਵਿਚ ਪਰ ਅਗਲੇ ਠਿਕਾਣੇ ਤੇ ਵੀ।

ਦੁਨਿਆਵੀ ਸੁਖਾਵੀਆਂ ਚੀਜ਼ਾਂ ਦੀ ਅਸਥਿਰਤਾ ਦਿਖਾਂਦੇ ਹਨ.. ਚਮਕਦੀ ਬਿਜਲੀ ਦੀ ਜਦ ਬਹੁਤ ਛੋਟੀ ਉਮਰ ਦਿਖਾਂਦੇ ਹਨ...ਸਹੀ ਦਰਸਾਂਦੇ ਹਨ। ਗੁਲਾਬ ਦੀ ਛੋਟੀ ਉਮਰ ਪਰ ਖੁਸ਼ਬੂ ਫੈਲਾ ਦੇਣ ਵਾਲੀ ਮਸਤ ਕਰ ਦੇਣ ਵਾਲੀ ਖ਼ਾਸੀਅਤ ਜਦ ਅੱਖਾਂ ਸਾਹਮਣੇ ਲਿਆਂਦੇ ਹਨ...ਰੰਗ ਭਰੀ, ਖੁਸ਼ਬੂ ਭਰੀ, ਜਵਾਨੀ ਭਰੀ, ਲੜਕਪਨ ਭਰੀ, ਮੋਹ ਭਰੀ ਇਹ ਜ਼ਿੰਦਗੀ, ਛੋਟੀ ਜ਼ਿੰਦਗੀ ਹੈ ਤਾਂ ਇਕ ਸਵਾਲ ਉਤਰਹੀਨ ਰਹਿੰਦਾ ਹੈ। ਗੁਰੂ ਸਾਹਿਬ ਯੁਕਤੀਆਂ ਦੇ ਦਾਨੀ ਕਵੀ....ਕਵੀ ਜ਼ਰੂਰ ਪਰ ਦਲੀਲ ਨਾਲ ਗੱਲ ਕਰਨ ਵਾਲੇ। ਉਨ੍ਹਾਂ ਜਗਿਆਸੂਆਂ ਦੇ ਗਿਆਨ ਲਈ ਦਿਖਾ ਭੀ ਦਿਤਾ ਹੈ ਕਿ ਕੱਚੀਆਂ ਚੀਜ਼ਾਂ ਦੇ ਸਾਹਮਣੇ ਇਕ ਪਾਏਦਾਰ ਚੀਜ਼ ਹੈ......ਨਾਮ। ਨਾਮ ਮਿੱਠਾ ਹੈ ਬਹੁਤ ਮਿੱਠਾ ਹੈ ਪਰ ਕੇਵਲ ਮਿੱਠਾ ਹੀ ਨਹੀਂ ਪਾਏਦਾਰ ਭੀ ਹੈ, ਮਨ ਦਾ ਸਹਾਈ ਹੈ, ਹਨੇਰੇ ਵਿਚ ਰੋਸ਼ਨੀ ਹੈ, ਅੰਨ੍ਹੇ ਦੇ ਹੱਥ ਡੰਗੋਰੀ ਹੈ, ਡਿੱਗੇ ਢੱਠੇ ਮਨ ਦਾ ਸਹਾਰਾ ਹੈ, ਨਸ਼ਾ ਹੈ ਸੰਭਾਲਣਾ ਹੈ ਤੇ ਇਸ ਰਸ ਦੀ ਉਮਰ



Sri Satguru Jagjit Singh Ji Elibrary NamdhariElibrary@gmail.com

ਹੈ ਆਦਿ ਜੁਗਾਦ। ਲੋਕ ਪਰਲੋਕ ਵਿਚ ਸਹਾਈ ਹੈ। ਇਹ ਦਲੀਲ ਨਾਲ ਕਿਹਾ ਜਾ ਰਿਹਾ ਹੈ । ਤਜਰਬੇ ਦੀ ਪੁੱਠ ਲਾ ਕੇ ਬਿਆਨ ਕਰਵਾਇਆ ਜਾ ਰਿਹਾ ਹੈ। ਢਹਿੰਦੀਆਂ ਕਲਾਂ ਵਿਚੋਂ ਉਭਾਰਣ ਲਈ ਗੁਰੂ ਸਾਹਿਬ ਸਾਖੀ ਭਰ ਰਹੇ ਹਨ, ਨਾਮ ਦੀ ਤਾਕਤ ਬਖਸ਼ ਰਹੇ ਹਨ, ਕਮਜ਼ੋਰ ਨੂੰ ਸਹਾਰਾ ਦੇ ਰਹੇ ਹਨ।

ਲਹਿਰ ਵਰਗਾ ਇਕ ਹੋਰ ਅਲੰਕਾਰ, ਇਕ ਪੰਗਤੀ ਬੋਲਦੇ ਬੋਲਦੇ ਗੁਰੂ ਸਾਹਿਬ ਰਚ ਦਿੰਦੇ ਹਨ "ਬੀਜਲ ਜਿਵੇਂ ਚਮਕਏ"। ਬਿਜਲੀ ਦੀ ਚਮਕ ਦੀ ਕੀ ਜ਼ਿੰਦਗੀ ਹੈ, ਛਿੰਨ ਭਰ, ਪਰ ਹੈ ਲਾਭਵੰਦ। ਬਿਜਲੀ ਚਮਕਦੀ ਹੈ ਤੇ ਝੱਟ ਅਲੋਪ ਹੋ ਜਾਂਦੀ ਪਰ ਇਤਨੇ ਵਿਚ ਹੀ ਭੁੱਲੇ ਭਟਕੇ ਨੂੰ ਰਾਹੇ ਪਾ ਜਾਂਦੀ ਹੈ। ਕਿਸੇ ਦਾ ਦਿਲ ਦਹਿਲਾ ਦਿੰਦੀ ਹੈ ਘੱਟ ਹੌਸਲੇ ਵਾਲੇ ਦਾ, ਬਿਰਹਨ ਦਾ, ਡਰਾਕਲ ਦਾ, ਪਰ ਰੂਪ ਦੇ ਕਦਰਦਾਨਾਂ ਲਈ, ਭਾਵਨਾਵਾਂ ਦੇ ਘਰ ਵਿਚ ਵਸਦਿਆਂ ਲਈ ਭਾਵਾਂ ਦੀ ਦੁਨੀਆ ਵਸਾ ਦੇਣ ਲਈ, ਸ਼ਾਇਰਾਂ ਲਈ, ਲਿਖਾਰੀਆਂ ਲਈ ਬਿਜਲੀ ਦੀ ਚਮਕ ਡਰਾਉਣੀ ਨਹੀਂ ਬਲਕਿ ਅਹਿਸਾਸ ਉਭਾਰਦੀ ਹੈ, ਖ਼ੁਸ਼ਨੁਮਾ ਲਗਦੀ ਹੈ। ਰੋਸ਼ਨੀ ਦੀ ਇਕ ਲਹਿਰ ਜੋ ਹੈ ਬਿਜਲੀ। ਕਿਸੇ ਨੂੰ ਮਸਤੀ ਦੇ ਸਕਦੀ ਹੈ, ਨਿਰਭਉ ਨਿਰਵੈਰ ਲੋਕਾਂ ਨੂੰ ਇਲਾਹੀ ਖੂਬਸੂਰਤੀ ਦੀ ਝਲਕ ਦਿਖਾ ਸਕਦੀ ਹੈ। ਇਹ ਮਨ ਦੀ ਸਥਿਤੀ ਦੀ ਰੌ ਦੇ ਨਾਲ ਨਾਲ ਚਲਦੀ ਹੈ।....ਦੀਹਦਿਸ ਛਤਰ ਮੇਘ ਘਟਾ ਘਟ ਦਾਮਨ ਚਮਕ ਡਰਾਇਓ...

............... ............... ............... ............... ............... ...............

"ਜਿਨ੍ਹਾਂ ਸੇਵਾ ਦੀ ਰੀਤ ਪਾਈ ਵਿੱਚੋਂ"

## ਬਾਬਾ ਬੁੱਢਾ ਜੀ

ਜਦ ਰੋਗੀ ਆਤਮਾਵਾਂ ਦੇ ਵੈਦ ਸ੍ਰੀ ਗੁਰੂ ਨਾਨਕ ਦੇਵ ਨੇ ਲੁਕਾਈ ਦੀ ਨਬਜ਼ ਤੇ ਹੱਥ ਰੱਖ ਕੇ ਵੇਖ ਲਿਆ ਕਿ ਜੈਤਾ ਦੁਖੀ ਏ ਮਾਨਸਿਕ ਤੇ ਆਤਮਿਕ ਰੋਗਾਂ ਕਾਰਣ। ਤਨ ਦੇ ਰੋਗ ਵੀ ਆ ਚਿਮਟਦੇ ਨੇ ਜੇਕਰ ਮਨ ਰੋਗੀ ਹੋਵੇ। ਜੇ ਮਨ ਵੇਹਲੀਆਂ ਸੋਚਾਂ ਸੋਚਣ ਲਈ ਖੁਲ੍ਹਾ ਛਡ ਦਿਤਾ ਜਾਵੇ। ਜੇ ਮਨ ਹਾਥੀ ਨੂੰ ਮਹਾਵਤ ਦੇ ਅੰਕੁਸ਼ ਬਿਨਾ ਇਧਰ ਉਧਰ ਦੌੜਣ ਦਿਤਾ ਜਾਵੇ। ਜੇ ਤੇਜ਼ ਤਰਾਰ ਘੋੜੇ ਨੂੰ ਲਗਾਮਾਂ ਨਾ ਪਾਈਆਂ ਜਾਣ ਤਾਂ ਆਪਹੁਦਰਾ-ਪਣ ਸਭ ਦੇ ਹੱਕਾਂ ਨੂੰ ਕੁਚਲਨ ਦਾ ਜਤਨ ਕਰਦਾ ਹੈ।

ਸਮਾਜ, ਤਾਂ ਚਲਦਾ ਹੈ ਜੇ ਇਕ ਦੂਸਰੇ ਦਾ ਹੱਕ ਪਛਾਣਿਆ ਜਾਵੇ ਤੇ ਉਹ ਕੁਝ ਬਿਲਕੁਲ ਨਾ ਕੀਤਾ ਜਾਵੇ ਜਿਹੜਾ ਦੂਜੇ ਕਰਨ ਤਾਂ ਆਪ ਨੂੰ ਤਕਲੀਫ਼ ਹੋਵੇ। "ਦੂਸਰਿਆਂ ਨਾਲ ਸਦਾ ਐਸਾ ਹੀ ਸਲੂਕ ਤੇ ਬਰਤਾਵ ਕਰੋ ਜੈਸਾ ਕਿ ਤੁਸੀਂ ਖ਼ੁਦ ਚਾਹੁੰਦੇ ਹੋ ਕਿ ਦੂਸਰੇ ਤੁਹਾਡੇ ਨਾਲ ਕਰਨ।" ਇਹ ਭਾਵਨਾ ਦਿਲ ਵਿਚ



Sri Satguru Jagjit Singh Ji Elibrary NamdhariElibrary@gmail.com

ਹੋਵੇ ਤਾਂ ਹੀ ਇਨਸਾਨ ਦੀ ਪਸ਼ੂ ਬਿਰਤੀ ਕਾਬੂ ਵਿਚ ਆਉਂਦੀ ਹੈ। ਥੋੜ੍ਹੀ ਕੁ ਹੋਰ ਜੁਰਤ ਕਰੀਏ ਤੇ ਆਪਣੇ ਆਲੇ-ਦੁਆਲੇ ਗਲੀ-ਗੁਆਂਢ ਦੀ ਖਾਤਰ, ਆਪਣੇ ਪਿੰਡ ਦੀ ਖ਼ਾਤਰ, ਇਸ ਤੋਂ ਵੀ ਉਪਰ ਆਪਣੇ ਪ੍ਰਾਂਤ ਦੀ ਖ਼ਾਤਰ, ਆਪਣੇ ਦੀਨ ਧਰਮ ਦੀ ਖ਼ਾਤਰ, ਮਾਨਵਤਾ ਦੀ ਖ਼ਾਤਰ ਸੇਵਾ ਵਿਚ ਉਮਾਹ ਜਾਈਏ, ਦੁਖੀ ਦਾ ਦਰਦ ਵੰਡਾਈਏ, ਕਿਸੇ ਦੇ ਪੱਕੇ ਪਏ ਜ਼ਖ਼ਮਾਂ ਤੇ ਮਲ੍ਹਮ ਪੱਟੀ ਕਰੀਏ। ਕਿਸੇ ਦੇ ਘਰ ਅੱਗੇ ਗੰਦਗੀ ਦੇ ਢੇਰ ਨੂੰ ਚੁੱਕ ਕੇ ਤੀਲੀ ਚਾ ਲਾਈਏ ਤਾਂ ਸਾਡੇ ਮਨ ਅੰਦਰ ਇਕ ਐਸੀ ਰੌਅ ਵਗਣ ਲਗਦੀ ਏ ਜੋ ਤਨ ਤੇ ਮਨ ਨੂੰ ਸ਼ੀਤਲ ਕਰਦੀ ਏ ਇਸ ਕਾਮਯਾਬੀ ਤੇ ਪਸ਼ੂ ਬਿਰਤੀ ਉਖੜਦੀ ਏ ਤੇ ਥਾਂ ਦੇਂਦੀ ਏ...ਦੇਵ ਬਿਰਤੀ ਨੂੰ-ਇਨਸਾਨੀਅਤ ਦੀ ਉੱਚੀ ਅਵਸਥਾ ਨੂੰ।

ਜਿਸਮਾਨੀ ਰਾਹਤ ਦੇਣ ਲਈ ਕਿਸੇ ਓਪਰੇ ਨੂੰ ਆਪਣਾ ਸਮਝ ਕੇ ਉਸ ਅੱਗੇ ਜੋ ਸਰੇ ਬਣੇ ਖਾਣ ਲਈ ਪਰੋਸ ਦਈਏ। ਜਾਂ ਫਿਰ ਠੰਢ ਵਿਚ ਠਰਦੇ ਉਪਰ ਗਰਮ ਕਪੜਾ ਦੇ ਕੇ ਗਰਮਾਇਸ਼ ਦੇਈਏ। ਰੋਗੀ ਤੇ ਆਤੁਰ ਨੂੰ ਦਵਾਈ ਪਿਲਾ ਦੇਈਏ ਤਾਂ ਜੋ ਉਸ ਦਾ ਰੋਗ ਕੱਟ ਜਾਵੇ ਤਾਂ ਆਪਣੇ ਆਪ ਵਿਚ ਖ਼ੁਸ਼ੀ ਦਾ ਉਛਾਲਾ ਆਉਂਦਾ ਹੈ।

ਗੁਰੂ ਨੇ ਹਰ ਇਕ ਸ਼ਿਸ਼ ਨੂੰ ਇਹ ਖੁਸ਼ੀ ਦੇਣ ਦੀ ਮਨ ਵਿਚ ਧਾਰੀ। ਅਜੇਹੀ ਆਦਤ ਕਾਰਣ ਹੋਰ ਵੀ ਕਈ ਗੁਣ ਉਭਰੇ ਸਨ। ਮਨ ਤੇ ਵਿਰੋਧੀ ਭਾਵ...ਹਸਦ, ਈਰਖਾ, ਦ੍ਵੈਤ ਆਦਿ ਮਿਟਾ ਕੇ ਸਦਗੁਣ ਲਿਆ ਦਿੱਤੇ। ਨਿੰਦਾ ਚੁਗਲੀ, ਬਖ਼ੀਲੀ ਦੀ ਥਾਂ ਆਦਰ, ਸਤਿਕਾਰ ਤੇ ਪਰਸਪਰ ਪਿਆਰ ਸੁਝਾ ਦਿੱਤਾ। ਤੋੜਨ ਵਾਲੀਆਂ ਗੱਲਾਂ ਤੋਂ ਉਪਰਾਮ ਕਰ ਕੇ ਜੋੜਨ ਵਾਲੀਆਂ ਸੋਚਾਂ ਤੇ ਗੰਢਣ ਵਾਲੇ ਸੁਭਾਅ ਪੈਦਾ ਕਰ ਦਿੱਤੇ। ਇਸ ਨਾਲ ਤਾਕਤ ਦਾ ਇਕ ਐਸਾ ਸ੍ਰੋਤ ਹੱਥ ਆ ਗਿਆ ਜਿਸ ਦੀ ਵਰਤੋਂ ਕਰ ਕੇ ਤਖ਼ਤੇ ਤੇ ਪਿਆ ਬੰਦਿਆਂ ਦਾ ਮਨ ਛਲਾਂਗ ਲਾ ਕੇ ਤਖ਼ਤ ਤੇ ਜਾ ਬਿਰਾਜਿਆ। ਗੁਰੂ ਘਰ ਨੇ ਬੜੇ ਸ਼ਹਿਰ ਵਸਾਏ ਜਿਵੇਂ ਕਰਤਾਰ ਪੁਰ ਗੋਇੰਦਵਾਲ, ਅੰਮ੍ਰਿਤਸਰ, ਤਰਨ ਤਾਰਨ, ਮੇਰਾਜ ਕੀਰਤ ਪੁਰ, ਸ੍ਰੀ ਗੁਰੂ ਹਰਿਗੋਬਿੰਦ ਪੁਰ ਤੇ ਮਾਖੋਵਾਲ ਆਦਿ।

ਇਨ੍ਹਾਂ ਸਭ ਨਗਰਾਂ ਵਿਚ ਇਨਸਾਨ ਦਾ ਸੁਭਾਅ ਬਦਲ ਦਿੱਤਾ। ਜਿਸ ਕਾਰਣ ਨਾ ਕੋਈ ਚੋਰੀ ਨਾ ਡਾਕਾ, ਨਾ ਸੀਨਾ ਜ਼ੋਰੀ, ਨਾ ਜੇਲ੍ਹਾਂ ਨਾ ਹੱਥ-ਕੜੀਆਂ, ਨਾ ਪੁਲੀਸ ਤੇ ਨਾ ਕੋਈ ਇਨਸਾਫ਼ ਦੇ ਨਾਂ ਹੇਠ ਬੇ-ਇਨਸਾਫੀ ਕਰਨ ਵਾਲਾ ਕਾਜ਼ੀ। ਇਹ ਸਭ ਹੱਥੀ ਸੇਵਾ ਕਰਨ ਦੀ ਰਚਨਾਤਮਕ ਰੁਚੀ ਨੂੰ ਪੈਦਾ ਕਰ ਕੇ ਜਾਂ ਵਧਾ ਕੇ ਸੰਭਵ ਹੋਇਆਂ। ਇਕ ਤਾਂ ਗੁਰਤਾ ਦੇ ਦਾਵੇਦਾਰੇ ਲਈ ਸੇਵਾ ਦੀ ਸੀਮਾਂ ਤਕ ਪਹੁੰਚਣਾ, ਸੇਵਾ ਸੰਭਾਲ ਵਿਚ ਆਪਣੇ ਆਪ ਨੂੰ ਭੁੱਲ ਜਾਣਾ। ਆਪਾ ਭਾਵ ਨੂੰ ਵਾਰ ਕੇ ਦੂਜਿਆਂ ਉੱਤੋਂ ਨਿਛਾਵਰ ਕਰ ਦੇਣਾ, ਆਪਣੀ ਖੁਸ਼ੀ ਨੂੰ ਆਪਣੇ ਆਲੇ ਦੁਆਲੇ ਦੀ ਖੁਸ਼ੀ ਵਿਚ ਲਭ ਲੈਣਾ, ਲੋਕਾਂ ਨੂੰ ਮਲ ਮਲ ਕੇ ਨੁਹਾਉਣ ਦੀ ਸੇਵਾ



Sri Satguru Jagjit Singh Ji Elibrary NamdhariElibrary@gmail.com

ਨੂੰ, ਜਾਂ ਖੂਹ ਨੂੰ ਗੇੜ-੨ ਕੇ ਹੋਰਾਂ ਨੂੰ ਨਵ੍ਹਾਉਣ ਦੇ ਸਵਾਦ ਨੂੰ ਆਪਣੇ ਜਿਸਮ ਦੀ ਵਰਜ਼ਿਸ਼ ਦੇ ਸੁਆਦ ਨਾਲ ਸਾਂਝਿਆਂ ਕਰ ਲੈਣਾ। ਕਿਸੇ ਵੀ ਸੇਵਾ ਨੂੰ ਆਪਣੀ ਪ੍ਰਫੁਲਤਾ ਵਿਚ ਬਦਲ, ਅੰਗੀਕਾਰ ਕਰ ਲੈਣਾ। ਮਨੁੱਖੀ ਹਿਰਦੇ ਨੂੰ ਆਪਣੇ ਲਾਲਚ ਤੋਂ ਉਪਰ ਉਠ ਕੇ ਦੂਜਿਆਂ ਲਈ ਕੁਝ ਕਰ ਸਕਣ ਦੀ ਹਿੰਮਤ ਦਾ ਅਹਿਸਾਸ ਅੰਦਰ ਵਸਾ ਲੈਣਾ। ਇਨ੍ਹਾਂ ਸਾਰੀਆਂ ਸੂਰਤਾਂ ਵਿਚ ਸੇਵਾ ਦਾ ਨਮੂਨਾ ਬਣ ਜਾਣਾ ਗੁਰਤਾ ਦਾ ਪਹਿਲਾ ਅੰਸ਼ ਤੇ ਕਸੌਟੀ ਉਪਰ, ਪਹਿਲੀ ਪਰਖ, ਸਮਝਿਆ ਜਾਂਦਾ ਸੀ। ਇਸ ਤੋਂ ਮਗਰੋਂ ਸਿੱਖ ਦੀ ਪ੍ਰਵਾਨਗੀ ਸਿੱਖ ਦੇ ਸਿਦਕ ਦੀ ਤੱਕੜੀ ਇਸੇ ਸੇਵਾ ਪ੍ਰਵਾਨ ਚੜ੍ਹਾਉਣ ਵਿਚ ਗਿਣੀ ਜਾਣ ਲਗੀ।

ਸ੍ਰੀ ਗੁਰੂ ਸਾਹਿਬ ਦੇ ਨਿਕਟਵਰਤੀ ਸਿੱਖਾਂ ਵਿਚ ਪ੍ਰਭੂ ਪਿਆਰ ਵਿਚ ਲੀਨਤਾ ਤੇ ਇਨਸਾਨ ਦੀਆਂ ਤਕਲੀਫਾਂ ਹਰਨ ਵਿਚ ਸੇਵਾ ਦੀ ਮਹਾਨਤਾ, ਇਹੀ ਤਰਾਜ਼ੂ ਦੇ ਦੋ ਪੱਲੇ, ਸਮਝੇ ਗਏ। ਸੇਵਾ ਤੇ ਸਿਮਰਨ ਇਕੋ ਸ਼ਬਦ ਬਣ ਗਿਆ ਤੇ ਇਹ ਸਮਝਿਆ ਕਿ ਉਹ ਖ਼ੁਸ਼ ਕਿਸਮਤ ਬੰਦੇ ਜੋ ਬੰਦਿਆਂ ਦੀ ਰੱਜ ਕੇ ਸੇਵਾ ਕਰਣਗੇ ਉਹ ਹੀ ਗੁਰੂ ਕੇ ਨਿਕਟਵਰਤੀ ਕਹਿਲਾਣਗੇ। ਇਸ ਤਰ੍ਹਾਂ ਇਸ ਅਸੂਲ ਨਾਲ ਇਸ ਢੰਗ ਨਾਲ, ਸੈਂਕੜੇ ਸਿੱਖਾਂ ਨੇ ਉਹ ਮੁਰਾਤਬਾ ਮਾਣਿਆ ਜੋ ਗੁਰਾਂ ਨੇ ਉਨ੍ਹਾਂ ਲਈ ਸ੍ਰੇਸ਼ਟ ਹੋਣ ਦਾ ਮਿਥਿਆ ਸੀ। ਹਰ ਗੁਰੂ ਦੇ ਨਿਕਟਵਰਤੀ 50-50,-100-100 ਸਿੱਖ ਆਪਣੇ ਆਪ ਵਿਚ ਨਮੂਨੇ ਦੇ ਸਿੱਖ ਬਣ ਗਏ। ਪਰ ਇਕ ਸਿੱਖ ਜਿਹਨੇ 6 ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਤੇ ਛੇਆਂ ਦੀ ਰੱਜ ਕੇ ਸੇਵਾ ਕੀਤੀ ਉਹ ਇਕੋ ਇਕ ਵਿਅਕਤੀ ਸਨ ਬਾਬਾ ਬੁੱਢਾ ਜੀ। ਗੁਰੂ ਨਾਨਕ ਦੇਵ ਜੀ ਵਰ ਬਖਸ਼ਿਆ 'ਤੈਥੋਂ ਓਹਲੇ ਨਾ ਹੋਸਾਂ।' ਗੁਰੂ ਅੰਗਦ ਸਾਹਿਬ ਨੇ ਅਦਬ ਵਿਚ ਆਕੇ ਕਿਹਾ 'ਤਿਨ ਕੋ ਕਿਆ ਉਪਦੇਸ਼ੀਏ ਜਿਨ ਗੁਰ ਨਾਨਕ ਦੇਓ।' ਤੀਜੇ ਗੁਰੂ ਆਖਿਆ "ਬੁੱਢਾ ਜੀ ਅਵਿਧ ਸੀਮਾਂ ਹਨ।" ਗੁਰੂ ਰਾਮ ਦਾਸ ਜੀ ਉਨ੍ਹਾਂ ਦੀ ਬਜ਼ੁਰਗੀ ਦਾ ਸਤਿਕਾਰ ਇਸ ਤਰ੍ਹਾਂ ਕਰਦੇ ਸਨ ਜਿਸ ਤਰ੍ਹਾਂ ਬਾਬਾ ਸ੍ਰੀ ਚੰਦ ਜੀ ਦਾ। ਗੁਰੂ ਅਰਜਨ ਦੇਵ ਜੀ ਦੀ ਸਿਖਲਾਈ ਦੀ ਦੇਖ ਰੇਖ ਬਾਬਾ ਬੁੱਢਾ ਜੀ ਦੇ ਸਪੁਰਦ ਸੀ ਤੇ ਜਦ ਪੰਜਵੇ ਪਿਤਾ ਨੇ ਗੁਰੂ ਹਰਿਗੋਬਿੰਦ ਜੀ ਦੀ ਜ਼ਿੰਮੇਵਾਰੀ ਉਨ੍ਹਾਂ ਤੇ ਪਾ ਦਿੱਤੀ ਤਾਂ ਬਾਬਾ ਬੁੱਢਾ ਜੀ ਨੇ ਕਿਹਾ ਸੀ "ਮੈ ਤੋ ਘਾਸ ਕੋ ਰਾਖਾ" ਪੰਜਵੇਂ ਪਾਤਸ਼ਾਹ ਨੇ ਇਸ ਦਾ ਉਤਰ ਦਿੱਤਾ ਸੀ। 'ਤਮ ਸਕਲ ਸਕਤ ਕੇ ਰਾਖੇ" ਤੇ ਇਸ ਤਰ੍ਹਾਂ ਬਾਬਾ ਬੁੱਢਾ ਜੀ ਨੂੰ ਨਿਵਾਜਿਆ ਸੀ। ਇਹ ਗੁਰੂ ਹਰਿ ਗੋਬਿੰਦ ਜੀ ਲਈ ਫਰਜ਼ ਬਣਿਆ ਕਿ ਬਾਬਾ ਜੀ ਦੇ ਮ੍ਰਿਤਕ ਸ਼ਰੀਰ ਨੂੰ ਚਿਤਾ ਤੇ ਰਖਣ ਗਏ। ਜਲਾਲ ਵਾਲੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਜੀ ਦੇ ਨੈਨ ਉਸ ਵੇਲੇ ਛਲਕ ਆਏ। ਐਸੀ ਸੇਵਾ ਹੋਰ ਕੌਣ ਨਿਭਾ ਸਕਦਾ ਸੀ ? ਰੱਜ ਕੇ ਜੀਏ। 125 ਸਾਲ। ਰੱਜ ਕੇ ਦਰਸ਼ਨ ਦੀਦਾਰੇ ਕੀਤੇ ਪਹਿਲੀ ਪਾਤਸ਼ਾਹੀ ਤੋਂ ਛੇਵੀ ਤਕ, ਰੱਜ ਕੇ ਸੇਵਾ ਕੀਤੀ ਤੇ ਭਾਰੀ ਜ਼ਿੰਮੇਵਾਰੀਆਂ ਨਿਭਾਈਆਂ। ਸੇਵਾ



Sri Satguru Jagjit Singh Ji Elibrary NamdhariElibrary@gmail.com

ਕਰਦਿਆਂ 2 ਸੇਵਾ ਕਰਤ ਹੋਏ ਨਿਹਕਾਮੀ ਦਾ ਸ਼ਬਦ ਪੜ੍ਹਦਿਆਂ 2 ਦਿਲ ਤੇ ਜਾਨ ਵਿਚ ਵਸਾਂਦਿਆਂ 2 ਰੱਤੀ ਹੋਈ ਆਤਮਾ ਪ੍ਰਮਾਤਮਾ ਵਿਚ ਜਾ ਰਲੀ।

ਆਖ਼ਰ ਸੇਵਾ ਦਾ ਪੁੰਜ ਸ਼ਰੀਰ-ਆਤਮਾ ਤੋਂ ਸਖਣਾ ਹੋ ਗਿਆ-ਵਾਂਜਿਆ ਗਿਆ ਤੇ....ਭੱਜ ਗਿਆ ਠੀਕਰਾ। ਬਹੁਤ ਸਾਲ ਸੇਵਾ ਕਰ ਗਿਆ। ਪੂਰੇ 125 ਸਾਲ-ਸਵਾ ਸਦੀ। ਬੜੀਆਂ ਤਬਦੀਲੀਆਂ ਆਈਆਂ ਜਗਤ ਵਿਚ ਲੋਕਾਂ ਦੀ ਸੋਚਣੀ ਵਿਚ, ਪਹਿਨਾਵਿਆਂ ਵਿਚ, ਖਾਣ ਦੀਆਂ ਵਿਧੀਆਂ ਵਿਚ, ਰਸਮਾਂ ਵਿਚ, ਰਿਵਾਜਾਂ ਵਿਚ। ਪਰ ਨਹੀਂ ਸੀ ਆਈ ਤਬਦੀਲੀ ਸਦੀਵੀ ਸੋਚ ਪ੍ਰਣਾਲੀ ਵਿਚ, ਸਦੀਵੀ ਸੁਖ ਵਿਚ, ਸਦੀਵੀ ਖੁਸ਼ੀ ਵਿਚ, ਸੇਵਾ ਦੀ ਖੁਸ਼ੀ ਵਿਚ, ਸੇਵਾ ਦੇ ਸੁਆਦ ਵਿਚ, ਹੋਰਨਾਂ ਦੀ ਮੁੱਠੀ ਚਾਪੀ ਵਿਚ, ਪੱਖਾ ਝਲਣ ਵਿਚ, ਪਾਣੀ ਢੋਵਣ ਵਿਚ, ਲੰਗਰ ਲਈ ਰਸਦ ਕੱਠੀ ਕਰਨ ਵਿਚ ਤੇ ਗੁਰੂ ਦੇ ਕਾਰਜਾਂ ਵਿਚ ਹੀ ਮਨ ਦੀ ਮੈਲ ਲਾਹਣ ਵਿਚ। ਬਾਣੀ ਦਾ ਸਦਕਾ, ਧਿਆਨ ਜੋੜਨ ਦਾ ਸਦਕਾ, ਅੱਖਾਂ ਮੀਟ ਧਿਆਨ ਧਰ ਪਾਠ ਦਾ ਸਦਕਾ, ਨਾਮ ਦਾ ਸਦਕਾ, ਬਖਸ਼ਸ਼ ਦਾ ਸਦਕਾ, ਕਰਮ ਦਾ ਸਦਕਾ, ਉਪਕਾਰਾਂ ਦਾ ਸਦਕਾ, ਦੁਆਵਾਂ ਦਾ ਸਦਕਾ, ਉਨ੍ਹਾਂ ਦੇ ਮਨੋਂ ਨਿਕਲੀਆਂ ਅਸੀਸਾਂ ਜਿਨ੍ਹਾਂ ਵੀ ਬਾਬਾ ਜੀ ਦੀ ਉਦਾਰਤਾ ਤੋਂ ਫ਼ੈਜ਼ ਲਿਆ ਸੀ, ਇਨ੍ਹਾਂ ਦੇ ਉਪਕਾਰ ਨਾਲ ਗਿਆਨ ਹਾਸਿਲ ਕੀਤਾ ਸੀ, ਇਨ੍ਹਾਂ ਦੀ ਸੇਵਾ ਨਾਲ ਠਰੇ ਸਨ, ਦੁਖ ਦੂਰ ਹੋਏ ਸਨ। ਇਨ੍ਹਾਂ ਤੋਂ ਹੀ ਖੱਟੀਆਂ ਦੁਆਵਾਂ ਤੇ ਅਸੀਸਾਂ ਭਿੱਜੇ ਹੋਏ ਮਨਾਂ ਵਿਚ ਸੁਰਖਰੂ ਹੋਈਆਂ ਆਤਮਾਵਾਂ ਵਿਚ-ਸਵੱਛ ਹੋਏ ਸ਼ਰੀਰਾਂ ਵਿਚ-ਜਾਗਦੀਆਂ ਜੋਤਾਂ ਕੋਲੋਂ, - ਨਿਫਲ ਜਾਂਦਿਆਂ ਸੁਫਲ ਹੋ ਗਏ ਹੋਏ ਬੰਦਿਆਂ ਕੋਲੋਂ ਚੋਰੀਆਂ ਯਾਰੀਆਂ ਵਿਚ ਕਿਸੇ ਵੇਲੇ ਫਾਥੇ, ਆਜ਼ਾਦ ਹੋਣ ਦੇ ਸ਼ੁਕਰਾਨੇ ਵਿਚ-ਭੰਬਲ ਭੂਸੇ ਖਾਂਦੇ, ਡਿੱਗਦੇ ਢਹਿੰਦੇ ਬਚ ਨਿਕਲੇ ਸ਼ਰੀਰਾਂ ਵਿਚ - ਮਾਇਆ ਦੇ ਛਲ ਵਿਚ-ਕਿਸੇ-ਵੇਲੇ ਆਪਣੇ ਮੋਕਸ਼ ਲਈ ਉਨ੍ਹਾਂ ਵੱਲ ਟਿੱਕ-ਟਿਕੀ ਲਗਾ ਕੇ ਦੇਖਦੇ ਰਹੇ। ਉਸ ਮੱਤ ਵਿਚ ਟਿਕੇ ਰਹੇ ਜੋ ਬਚਪਨ ਵਿਚ ਹੀ ਬੁਢਿਆਂ ਵਾਲੀ ਮੱਤ ਸੀ ਤੇ ਜਿਸ ਕਾਰਨ ਆਦਿ ਗੁਰੂ ਨੇ ਆਖਿਆ ਸੀ "ਤੂੰ ਐਡਾ ਛੋਟਾ ਬੱਚਾ ਹੋ ਕੇ ਬੁਢਿਆਂ ਵਾਲੀ ਦਾਨਿਸ਼ਮੰਦੀ ਦੀਆਂ ਗੱਲਾਂ ਕਰ ਰਿਹਾ ਹੈ।" ਲੋਕਾਂ ਨੇ ਸਭ ਕੁਝ ਸੁਣਿਆ ਸੀ ਤੇ ਉਨ੍ਹਾਂ ਦਾ ਨਾਂ ਹੀ ਪਕਾ ਦਿਤਾ ਸੀ "ਬਾਬਾ ਬੁੱਢਾ"। ਬੁਢਾਪੇ ਵਿਚ ਨਹੀਂ, ਜਵਾਨੀ ਦੇ ਅਖ਼ੀਰ ਵਿਚ ਵੀ ਨਹੀਂ, ਬਚਪਨ ਵਿਚ ਜਦੋਂ ਉਹ ਘਰੋਂ ਦੌੜ ਕੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਆ ਪਹੁੰਚੇ ਸਨ ਤੇ ਆਪਣਾ ਆਪ ਉਨ੍ਹਾਂ ਦੇ ਹਵਾਲੇ ਕਰ ਦਿਤਾ ਸੀ ਇਹ ਆਖ ਕੇ "ਮੈਂ ਅੱਗ ਬਲਦੀ ਤੱਕੀ ਹੈ ਲਕੜੀਆਂ ਦੀ ਅੱਗ। ਮੇਰੀਆਂ ਅੱਖਾਂ ਸਾਹਮਣੇ ਪਹਿਲਾਂ ਛੋਟੀਆਂ ਲਕੜੀਆਂ ਜਲ ਗਈਆਂ ਤੇ ਫਿਰ ਵੱਡੀਆਂ। ਮੇਰੇ ਦਿਲ ਵਿਚ ਆਇਆ, ਕੀ ਪਤਾ ਕਿਸ ਦੀ ਵਾਰੀ ਪਹਿਲਾਂ ਆ ਜਾਣੀ ਹੈ। ਐਸਾ ਨਾ ਹੋਵੇ ਕਿ ਮੈਂ ਆਪਣੇ ਆਪ ਛੋਟਾ ਸਮਝ ਕੇ ਨਾਮ ਵੱਲ ਨਾ ਲੱਗਾਂ ਕਿ ਵੱਡਾ ਹੋਵਾਂਗਾ ਤਾਂ ਨਾਮ ਜਪਣਾ ਸ਼ੁਰੂ ਕਰਾਂਗਾ।



Sri Satguru Jagjit Singh Ji Elibrary NamdhariElibrary@gmail.com

ਕੀ ਪਤਾ ਵੱਡਾ ਹੋਣ ਦੀ ਵਾਰੀ ਆਉਣੀ ਵੀ ਹੈ ਕਿ ਨਹੀਂ। ਕਿਉਂ ਨ ਗੁਰੂ ਚਰਨਾਂ ਵਿਚ ਜਾ ਕੇ ਸੇਵਾ ਸਿਮਰਨ ਇਸੀ ਉਮਰ ਵਿਚ ਹੀ ਸ਼ੁਰੂ ਕਰ ਦੇਵਾਂ।" ਗੁਰੂ ਸਾਹਿਬ ਹੱਸੇ, ਸੰਗਤ ਹੱਸੀ-ਬਾਲਕ ਦੀ ਦਾਨਿਸ਼ਮੰਦੀ ਦੇਖ ਕੇ ਤੇ ਉਨ੍ਹਾਂ ਨੂੰ ਸਭ "ਬਾਬਾ ਬੁੱਢਾ" ਕਹਿਣ ਲਗ ਪਏ।

ਉਪਰ ਦੇਖਣ ਵਾਲੀ ਵਿਧਾਤਾ ਵੀ ਹੱਸੀ ਹੋਵੇਗੀ ਕਿ ਮੈਂ ਇਸ ਦੇ 125 ਸਾਲ ਲਿਖੇ ਹਨ ਤੇ ਇਹ ਹੁਣੇ ਹੀ ਫ਼ਿਕਰ ਲਗਾ ਬੈਠਾ ਹੈ। ਬਾਬਾ ਬੁੱਢਾ ਜੀ ਦੀ ਮਾਨਤਾ ਅਜੇ ਵੀ ਬੜੀ ਹੈ। ਦੂਰ ਨੇੜੇ ਤੋਂ ਸੰਗਤਾਂ ਇਨ੍ਹਾਂ ਦੀ ਸਮਾਧੀ ਤੇ ਜਾਂਦੀਆਂ ਹਨ ਮੁਰਾਦਾਂ ਪਾਂਦੀਆਂ ਹਨ। ਕਈ ਬੱਸਾਂ ਵਿਚ ਲਿਖਿਆ ਹੋਇਆ ਮਿਲਦਾ ਹੈ "ਧੰਨ ਬਾਬਾ ਬੁੱਢਾ ਜੀ।" ਲੋਕ ਬਾਬਾ ਜੀ ਦੀ ਸਾਖੀ ਭਰਦੇ ਹਨ। ਉਲਾਦ ਦੀ ਬਖ਼ਸ਼ਿਸ਼ ਖ਼ਾਤਰ ਜਾ ਹੋਰ ਭੀੜ ਬਣ ਆਏ ਤੇ ਲੋਕਾਂ ਨੂੰ ਸਿਦਕ ਹੈ ਬਾਬੇ ਦੀ ਕਮਾਈ ਵਿਚ । ਬਾਬੇ ਦੇ ਸਾਰੇ ਜੀਵਨ ਦੀ ਘਾਲ ਵਿਚ। ਖ਼ਾਸ ਕਰ ਕੇ ਸ੍ਰੀ ਗੁਰੂ ਅਰਜਨ ਸਾਹਿਬ ਦੇ ਮਹਿਲ ਮਾਤਾ ਗੰਗਾ ਜੀ ਨੂੰ ਇਸ ਹਦਾਇਤ ਵਿਚ ਕਿ ਜੇ ਬੱਚੇ ਦੀ ਦਾਤ ਲੈਣੀ ਜੇ ਤਾਂ ਬਾਬਾ ਬੁੱਢਾ ਜੀ ਨੂੰ ਆਖੋ "ਅਰਦਾਸ ਕਰਨ"। ਉਸ ਬੇਨਤੀ ਵਜੋਂ-ਉਸ ਅਰਦਾਸ ਦਾ ਸਦਕਾ ਉਨ੍ਹਾਂ ਦੇ ਘਰ ਜਨਮਿਆਂ "ਛੇਵਾਂ ਪੀਰ ਬੈਠਾ ਗੁਰ ਭਾਰੀ, ਅਰਜਨ ਕਾਇਆ ਪਲਟਿ ਕੈ ਮੂਰਤ ਹਰਿਗੋਬਿੰਦ ਸਾਰੀ।" ....

................ ................ ................ ................ ................ ................

(ਹਉ ਮਨ ਅਰਪੀ, ਸਭਿ ਤਨ ਅਰਪੀ, ਅਰਪੀ ਸਭਿ ਦੇਸਾ ਵਿਚੋ)

ਐਸੇ ਪ੍ਰਭੁ ਨੂੰ ਮਿਲਣ ਦੀ ਤਾਂਘ ਹੀ ਤਾਂ ਸਾਰੇ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰੂਪੀ ਸਮੁੰਦਰ ਵਿਚ ਲਹਿਰਾਂ ਪੈਦਾ ਕਰ ਰਹੀ ਹੈ ਬੇਅੰਤ। ਇਕ ਇਕ ਤੁਕ ਦੇ ਬੇਅੰਤ ਵਲਵਲੇ ਹਨ ਤੇ ਅਥਾਹ ਸਮੁੰਦਰ ਦਾ ਹਾਲ ?

ਜਿਸ ਦੀ ਥਾਹ ਕੋਈ ਨਹੀਂ ਪਾ ਸਕਦਾ, ਹੱਦ ਬੰਨਾ ਤਾਂ ਸੋਚਿਆ ਵੀ ਨਹੀਂ ਜਾ ਸਕਦਾ, ਇਸ ਅਗੰਮੀ ਬਾਣੀ ਨੂੰ, ਇਨ੍ਹਾਂ ਇਲਾਹੀ ਗੀਤਾਂ ਨੂੰ ਗੁਰੂ ਸਾਹਿਬਾਂ ਪੌੜੀ ਬਣਾਉਣ ਦਾ ਆਦੇਸ਼ ਦਿਤਾ। ਸਾਫ਼ ਕਹਿ ਦਿਤਾ ਕਿ "ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।" ਫ਼ੁਰਮਾਇਆ ਉਸ ਦੀ ਮਹਾਨਤਾ ਦੇ ਨਸ਼ੇਵਿਚ ਚੂਰ ਚੂਰ ਹੋ ਕੇ ਉਸ ਦੇ ਨਾਮ ਦੀ ਖ਼ੁਮਾਰੀ ਵਿਚ ਮਸਤ ਹੋ ਕੇ "ਪਿਤਾ ਕਾ ਜਨਮੁ ਕਿਆ ਜਾਨੈ ਪੂਤ" ਮੈਨੂੰ ਤਾਂ ਪਤਾ ਨਹੀਂ ਕਿ ਦੁਨੀਆਂ ਕਿਵੇਂ ਸਾਜੀ। ਮੈਨੂੰ ਤਾਂ ਇਹ ਠੀਕ ਲਗਦਾ ਹੈ ਕਿ ਉਹਦੀਆਂ ਉਚਾਈਆਂ ਨੂੰ ਦੇਖਾਂ ਤੇ ਗਾਈ ਜਾਵਾਂ। ਗੁਣਾਂ ਨੂੰ ਤੱਕਾਂ ਤ ਮੂੰਹੋ ਕੁਝ ਬੋਲ ਨਾ ਸਕਾਂ, ਉਸ ਦਾ ਸੁਹਪੱਣ ਦੇਖਾਂ ਤਾਂ ਉਸੇ ਵਿਚ ਸਮਾ ਜਾਵਾਂ, ਉਹਦੀ ਰਚਨਾ ਨੂੰ ਦੇਖਾਂ ਤਾਂ ਕਦਰ ਨਾਲ ਸਿਰ



Sri Satguru Jagjit Singh Ji Elibrary NamdhariElibrary@gmail.com

ਝੁਕਾ ਦੇਵਾਂ। ਉਹਨੂੰ ਮਿਲਣ ਦਾ ਕੇਵਲ ਇਕੋ ਰਾਹ ਮੈਨੂੰ ਸੁਝਦਾ ਹੈ ਕਿ ਉਸ ਦੀ ਯਾਦ ਸਮਾ ਲਵਾਂ। ਸਵਾਸ ਸਵਾਸ ਉਹਦੇ ਨਾਮ ਦੀ ਵਡਿਆਈ ਵਿਚ ਕਵਿਤਾ ਬੋਲਾਂ। ਉਹਦੀ ਬਾਣੀ ਦੀ ਮਿਠਾਸ ਕੋਇਲ ਦੀ ਜ਼ਬਾਨੀ ਚਖਾਂ, ਉਹਦਾ ਹੁਸਨ ਲੱਖ ਚਿਰਾਗ਼ਾਂ ਵਰਗਾ, ਜਿਸ ਦਾ ਅਕਸ ਲੈ ਲਵਾਂ ਆਪਣੀਆਂ ਅੱਖੀਆਂ ਦੇ ਕੈਮਰੇ ਵਿਚ। ਕੋਸ਼ਿਸ਼ ਕਰਦਾ ਰਵ੍ਹਾਂ ਉਸ ਦੀ ਦੁਨੀਆਂ ਨੂੰ ਛੋਹਣ ਦੀ ਕਿਉਂ ਜੋ ਐਡੇ ਵੱਡੇ ਤੱਨ ਨੂੰ ਬਾਹਵਾਂ ਵਿਚ ਲੈ ਨਹੀਂ ਸਕਦਾ। ਉਹ ਵਿਸ਼ਾਲ ਹੈ, ਅਥਾਹ ਹੈ, ਅਸੀਮਿਤ ਹੈ ਉਹ ਨੂੰ ਸਮੇਟਣ ਦਾ ਯਤਨ ਕਰੀਏ, ਚੁਤਿਤਨ ਹੋਰ ਚੌੜੀ ਹੋ ਜਾਂਦੀ ਹੈ, ਲੰਬਾਈ ਹੋਰ ਵਡੀ ਹੋ ਜਾਂਦੀ ਹੈ। ਅਣਮਿਣਤ ਹੈ, ਅਥਾਹ ਤੇ ਅਪਾਰ ਹੈ, ਅਪਹੁੰਚ ਹੈ, ਅਭੁੱਲ ਹੈ, ਅਮੁੱਲ ਹੈ, ਬੇਅੰਤ ਹੈ, ਐਸੇ ਅਕੱਥਨੀਯ ਰਾਹ ਨੂੰ ਕਥਨ ਦਾ ਯਤਨ ਇਕੋ ਹੀ ਹੈ ਕਿ ਉਸ ਉਮਡੇ ਪਿਆਰ ਦੇ ਸ੍ਰੋਤ ਨੂੰ ਗਾਈ ਜਾਵਾਂ, ਰਚੀ ਜਾਵਾਂ। ਫੜ ਲਵਾਂ ਪਿੰਡ ਦੇ ਮਰਾਸੀ ਨੂੰ, ਮਾਣ ਲਵਾਂ ਉਸੁ ਦਾ ਸੰਗ ਜਦ ਤਕ ਮਾਣਿਆ ਜਾ ਸਕੇ, ਉਸ ਦੀ ਰਬਾਬ ਸੁਣਦਾ ਰਹਾਂ। ਉਹਦੀ ਸਾਰੰਗੀ ਵਲ ਕੰਨ ਲਾਈ ਰਖਾਂ। ਮੈਨੂੰ ਧੁਰ ਤੋਂ ਆਇਆ ਸ਼ਬਦ ਉਹਦੀ ਰਬਾਬ ਤੇ ਚਲਦਾ ਰਵ੍ਹੇ। ਅਸੀਂ ਤੁਰਦੇ ਰਹੀਏ, ਦੋਵੇਂ ਸੰਗੀ, ਮੀਲਾਂ ਮੀਲ, ਆਪ ਗਾਂਵਦੇ ਬਾਕੀ ਦੁਨੀਆਂ ਨੂੰ ਸੁਣਾਂਦੇ ਰਹੀਹੇ ਉਹ ਮਿੱਠੇ ਮਿੱਠੇ ਗੀਤ। ਉਹ ਗੀਤ ਬਣ ਜਾਣ ਸਾਰੇ ਜਗਤ ਵਾਸਤੇ, ਬੇਹਿਸਾਬੇ ਰਚਨ ਦੇ ਹਿਸਾਬ ਦਾ ਯਤਨ।

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭ ਦੇਸਾ॥
ਹਉ ਤਿਸੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸੰਦੇਸਾ॥

ਐਸੇ ਮਹਾਨ ਗੀਤਾਂ ਵਿਚੋਂ ਇਕ ਗੀਤ ਨੇ ਮਸਤੀ ਬਖ਼ਸ਼ੀ ਤੇ ਸੁਆਦ ਦਿਤਾ ਰੰਗ ਲਾਇਆ ਹੈ। ਥੋੜ੍ਹੀ ਜਹੀ ਬਿਆਖਿਆ ਦੇ ਕੇ, ਥੋੜ੍ਹਾ ਜਿਹਾ ਤੋੜ ਜੋੜ ਕਰ ਕੇ ਥੋੜ੍ਹੀ ਜਹੀ ਅੰਦਰ ਝਾਤੀ ਮਾਰ ਕੇ ਉਸ ਦਾ ਸੁਆਦ ਵਧੇਰੇ ਕਰ ਲਈਏ, ਉਸ ਦੀ ਰੰਗੀਨੀ ਦਾ ਰੰਗ ਮਾਣ ਲਈਏ, ਧੁਰ ਦੀ ਬਾਣੀ ਦਾ, ਉੱਚੇ ਸ਼ਬਦਾਂ ਦਾ ਆਪਣੇ ਵਰਗਿਆਂ ਲਈ ਖੋਹਲਣ ਦਾ ਉਪਰਾਲਾ ਕਰ ਲਈਏ, ਇਹ ਦੇਖੀਏ, ਇਸ ਦਾ ਸੋਹਣਾ ਸੁਆਦ, ਕਲਾ ਦਾ ਗੁਣ ਆਤਮਾ ਵਿਚ ਕਿਵੇਂ ਗੁੰਜਾਰ ਪਾਂਦਾ ਹੈ। ਇਸ ਸ਼ਬਦ ਵਿਚ ਕੋਈ ਔਖਾ ਲਫ਼ਜ਼ ਨਹੀਂ ਵਰਤਿਆ ਗਿਆ। ਵਿਅੰਜਨ ਦਾ ਸੰਕੋਚ ਹੈ। ਸੁਰ ਦਾ ਖੁਲ੍ਹਾ ਡੁਲ੍ਹਾ ਇਸਤੇਮਾਲ ਹੈ। ਇਸ ਦੇ ਸਿੱਧੇ ਸਾਦੇ ਬਚਨ ਹਨ ਪਰ ਇਨ੍ਹਾਂ ਵਿਚ ਘਾਉ ਕਰਨ ਵਾਲੀ ਕਟਾਰੀ ਛੁਪੀ ਹੈ। ਘਾਓ ਪੈਂਦਾ ਹੈ, ਪ੍ਰਭੂ ਦੇ ਪਿਆਰ ਲਈ ਉਪਰਾਮਤਾ ਹੁੰਦੀ ਹੈ। ਮਨ ਤੇ ਸੌਦਰ ਤੋਂ ਕਾਮ ਕ੍ਰੋਧ ਦੀਆਂ ਚਾਬਕਾਂ ਤੋਂ.....ਹੁਕਮ ਦੇ ਰਹੇ ਹਨ ਕਿ ਤਨ, ਮਨ, ਧਨ ਦੇ ਸਕਣ ਦੀ ਹਿੰਮਤ ਪੈਂਦੀ ਜੇ ?

ਜੇ ਤਨ ਹੀ ਭੇਂਟ ਕੀਤਾ ਤਾਂ ਕਸਰਤ ਕਰ ਲਈ। ਮਨ ਦੇ ਅਰਪਣ ਨਾਲ ਹੀ ਉਸ ਲਤੀਫ਼ ਹਵਾ ਵਿਚ ਦਾਖ਼ਲ ਹੋ ਸਕਦੇ ਹੋ.....ਜਿਹੜੀ ਠਾਰਦੀ ਹੈ



Sri Satguru Jagjit Singh Ji Elibrary NamdhariElibrary@gmail.com

ਮਨ...ਨਾਲ ਤਨ ਆਪੇ ਠਰ ਜਾਂਦਾ ਹੈ। ਧਨ ਦਾ ਅਰਪਨ ਵੀ ਔਖਾ ਹੈ, ਵੇਖੋ ਤਾਂ ਜਾ ਕੇ ਉਨ੍ਹਾਂ ਨੂੰ ਜਿਨ੍ਹਾਂ ਦੀਆਂ ਤਜੌਰੀਆਂ ਭਰੀਆਂ ਪਈਆਂ ਹਨ, ਪਰ ਭੁੱਖ ਮਿਟਦੀ ਹੀ ਨਹੀਂ ਨੋਟ ਦੇਖ ਦੇਖ ਕੇ । ਸਿੱਕੇ ਉਛਾਲ ਉਛਾਲ ਦਿਲ ਨੂੰ ਬਹਿਲਾਂਦੇ ਹਨ, ਸੋਨੇ ਦੇ ਸਿੱਕੇ ਜਿਥੇ ਕਿਤੇ ਕੁਝ ਛੁਪਾ ਰਖੇ ਹੋਣ।

## ਮਨ ਦੇ ਭਰਮ–ਦਿਲਾਂ ਦੀਆਂ ਵਿੱਥਾਂ

ਰਾਮ ਰਾਮ ਵਾਹਿਗੁਰੂ ਵਾਹਿਗੁਰੂ

(ਇਸ ਲੇਖ ਦਾ ਸੁਝਾ ਇਕ ਰਮਾਇਣ–ਭਗਤ, ਵਿਦਵਾਨ ਗੁਆਂਢਣ ਦੇ ਪ੍ਰਸ਼ਨ ਤੋਂ ਮਿਲਿਆ ਕਿ 'ਗੁਰੂ ਗਰੰਥ ਸਾਹਿਬ ਵਿਚ ਤਾਂ ਰਾਮ ਰਾਮ ਦਾ ਸ਼ਬਦ ਬਾਰ ਬਾਰ ਆਉਂਦਾ ਹੈ, ਤੁਸੀਂ ਇਸ ਨੂੰ ਛੱਡ ਕੇ ਵਾਹਿਗੁਰੂ ਦਾ ਸ਼ਬਦ ਕਿਉਂ ਅਪਨਾਅ ਲਿਆ ਹੈ?')

ਸ਼ਹਿਦ ਵਾਂਗੂੰ ਮਿਠਾ ਹੈ ਸ਼ਬਦ ਰਾਮ ਰਾਮ। ਸਭ ਥਾਂ ਤੇ, ਘਟ-ਘਟ ਵਿਚ ਰਮਿਆਂ ਹੋਇਆ ਰਾਮ। ਉਚ ਨੀਚ ਵਿਚ , ਬੀਮਾਰ ਤੇ ਤੰਦਰੁਸਤ ਵਿਚ, ਅਕਲ ਮੰਦ ਮੂਰਖ ਵਿਚ-ਸਭ ਥਾਂ ਉਹ ਆਪ ਛਾਇਆ ਹੋਇਆ ਹੈ। ਪਤੇ ਪਤੇ ਵਿਚੋਂ, ਫੁਲਾਂ ਦੀਆਂ ਕਿਆਰੀਆਂ ਵਿਚੋਂ, ਕੋਮਲ ਕੋਮਲ ਹਰੀ ਹਰੀ ਘਾਹ ਵਿਚੋਂ ਉਹ ਆਪਣਾ ਆਪ ਦਿਖਾ ਰਿਹਾ ਹੈ। ਨਿਰੋਈਆਂ ਕੋਂਪਲਾਂ ਵਿਚ, ਸਖਤ ਸਖਤ ਬ੍ਰਿਛਾਂ ਵਿਚ ਤੇ ਕੰਡੇਦਾਰ ਝਾੜੀਆਂ ਵਿਚ ਵੀ ਉਸੇ ਤਰ੍ਹਾਂ ਸਮਾਇਆ ਹੋਇਆ ਹੈ, ਜਿਵੇਂ ਕਿ ਦੁਨੀਆਂ ਦੀ ਸਭ ਤੋਂ ਕੋਮਲ ਚੀਜ਼, ਮਾਂ ਦੇ ਹਿਰਦੇ ਵਿਚ।

ਕੋਈ ਪੁਛੇ ਰਬ ਹੈ ਕਿ ਨਹੀਂ ਤਾਂ ਮੈਂ ਉਹਨੂੰ ਚੰਦ ਤੇ ਤਾਰੇ ਦਿਖਾ ਦੇਂਦਾ ਹਾਂ। ਬਿਨ ਥੰਮ੍ਹਾਂ ਖੜੇ ਅਸਮਾਨ ਵਲ ਝਾਤ ਪੁਵਾ ਦਿੰਦਾ ਹਾਂ। ਨਿੱਕੇ ਨਿੱਕੇ ਬਚਿਆਂ ਨੂੰ ਦਰਸ਼ਕ ਦੀਆਂ ਅਖਾਂ ਅਗੇ ਖੜਾ ਕਰ ਦਿੰਦਾ ਹਾਂ, ਵਗਦੀਆਂ ਨਦੀਆਂ ਦਿਖਾ ਦਿੰਦਾ ਹਾਂ, ਉੱਚੀਆਂ ਪਹਾੜੀਆਂ ਤੇ ਨੀਵੇਂ ਸਮੁੰਦਰ ਤਕਾ ਕੇ ਆਖਦਾ ਹਾਂ 'ਇਹ ਰਬ ਹੈ, ਇਹ ਰਾਮ ਹੈ। ਇਹ ਰਵ ਰਹਿਆ ਸਰਬਤ੍ਰ ਸੁਆਮੀ ਹੈ।' ਸਖ਼ਤੀ ਵਿਚ ਨਰਮੀ ਵਿਚ, ਹਰ ਰੰਗ ਵਿਚ, ਰਮਿਆ ਰਾਮ ਅਲਾਹ ਵੀ ਹੈ। ਇਹ ਅਜਾਂ ਹੈ, ਇਹ ਇਮਾਨ ਹੈ, ਇਹ ਨਿਧਾਨ ਹੈ, ਇਹ ਅਨੇਕ ਹੈ, ਫਿਰ ਏਕ ਹੈ। ਇਹ ਇਕ ਦੇ ਫੈਲਾਓ ਦਾ ਸੰਕੋਚ ਹੈ। ਇਹ ਹੈ ਰਮਿਆ ਰਾਮ–ਕਿਤਨਾ ਸਪਸ਼ਟ।

ਜਦ ਰਮੇ ਰਾਮ ਨੂੰ ਮਨ ਦੀਆਂ ਅਖਾਂ ਨਾਲ ਥਾਂ ਥਾਂ ਤੇ ਸ਼ਕਲ ਵਿਚ ਦੇਖੀਏ ਤਾਂ ਤਨ, ਮਨ 'ਚੋਂ ਫੁਟ ਫੁਟ ਕੇ ਮੂੰਹੋਂ ਨਿਕਲਦਾ ਹੈ 'ਵਾਹ ਵਾਹ', 'ਵਾਹ ਵਾਹ' 'ਵਾਹਿਗੁਰੂ'। ਇਹ ਅਸਚਰਜਤਾ, ਇਹ ਲੀਨਤਾ, ਇਹ ਅਗੰਮੀ ਖੇਡ ਦਾ ਰਸ ਇਉਂ ਟਪਕਦਾ ਹੈ ਜਿਵੇਂ ਪੱਕੇ ਹੋਏ ਅੰਬ ਵਿਚੋਂ। ਇਹ ਮਸਤੀ ਦਾ ਰਾਗ ਹੈ, ਬੇਜ਼ੁਬਾਨ ਦਾ ਬਿਆਨ ਹੈ, ਜੀਵ ਜੰਤ, ਪਸ਼ੂ-ਪੰਛੀ ਤੇ ਪੱਥਰਾਂ ਦਾ ਵੀ ਸਾਂਝਾ



Sri Satguru Jagjit Singh Ji Elibrary NamdhariElibrary@gmail.com

ਪ੍ਰਿਘਲਿਆ ਹੋਇਆ ਮਨ ਹੈ। 'ਵਾਹ' ਰੰਗ ਹੈ, 'ਗੁ' ਹਨੇਰਾ ਹੈ ਤੇ 'ਰੂ' ਚਾਨਣ ਹੈ। ਇਕ 'ਵਾਰੀ ਵਾਹਿਗੁਰੂ ਮੂੰਹ 'ਚੋਂ ਨਿਕਲਿਆਂ ਹੋਇਆਂ ਹਨੇਰੇ ਸਿਮਟ ਜਾਂਦੇ ਹਨ। ਮੱਧਮ ਮੱਧਮ ਨਿਘਾ ਨਿਘਾ ਪ੍ਰਕਾਸ਼ ਹੋ ਜਾਂਦਾ ਹੈ, ਜਿਸ ਦਾ ਨਾਂ ਮਸਤੀ ਹੈ।

ਖਾਲਸੇ ਦੀ ਆਤਮਾ ਗੁਰੂ ਨੇ ਆਸਮਾਨ ਜਿੱਡੀ ਚੌੜੀ ਬਣਾਈ ਸੀ, ਹਵਾ ਜਿੱਡੀ ਸਰਬ ਵਿਆਪਕ। ਪਹਾੜ ਜਿੱਡੀ ਉਚੀ, ਸਮੁੰਦਰ ਜਿਡੀ ਡੂੰਘੀ, ਚੰਦ ਵਾਂਗ ਸੀਤਲ, ਸੂਰਜ ਵਾਂਗੂ ਨਿੱਘੀ। ਸਿੱਖੀ ਦੀ ਛਾਂ ਹਰ ਪ੍ਰਾਣੀ ਮਾਤ੍ਰ ਮਾਨ ਸਕਦਾ ਹੈ। ਅਪਰਾਧੀ ਤੇ ਗੁਨਾਹਗਾਰ ਭੀ ਸਾਹ ਲੈ ਸਕਣ ਜੋਗੇ ਹੋਣੇ ਚਾਹੀਦੇ ਹਨ। ਸਾਡੀ ਤਾਂ ਇਹ ਵੀ ਰੀਤ ਹੈ ਬੁਰਿਆਂ ਨਾਲ ਭਲਾਈ ਕਰਨਾ।

ਜੇ ਸਕਤਾ ਸਕਤੇ ਕੋ ਮਾਰੇ ਤਾਂ ਮਨ ਰੋਸ ਨ ਹੋਈ।।

ਪਰ ਜੋ ਗੱਡੀਆਂ ਦੀ ਲਾਈਨ ਟੁੱਟੇ ਤੇ ਸੈਂਕੜੇ ਬੇਦੋਸੇ ਭਈਏ ਮਰ ਜਾਣ ਤਾਂ ਉਸ ਪਿੱਛੇ ਕਿਸੇ ਸਿਖ ਦਾ ਹੱਥ ਹੋ ਹੀ ਨਹੀਂ ਸਕਦਾ।

ਇਹ ਇਮਾਰਤ ਹੋਰੀ ਤਰ੍ਹਾਂ ਬਣੀ ਹੈ। ਬਾਬਾ ਨਾਨਕ ਨੇ ਨੀਂਹ ਰਖੀ ਸੇਵਾ ਦੀ, ਸਿਮਰਨ ਦੀ। ਥੰਮ੍ਹ ਬਣਾਏ ਤੀਜੇ ਗੁਰੂ ਨੇ-ਭਾਈ ਚਾਰਾ ਬਣਾ ਕੇ, ਗੋਇੰਦਵਾਲ ਵਸਾ ਕੇ, ਲੰਗਰ ਤੇ ਪੰਗਤ ਦੀ ਆਦਤ ਪਾ ਕੇ ਗੁਰਮੁਖੀ ਅਖਰਾਂ ਨੂੰ ਸੋਧ ਕੇ, ੨੨ ਮੰਜੀਆਂ ਬਖਸ਼ ਕੇ ਸਾਰੇ ਦੇਸ ਵਿਚ ਸੁਨੇਹਾ ਪੁਚਾ ਕੇ।

ਗੁਰੂ ਦਸਵੇਂ ਨੇ ਛੱਤ ਡਾਟਾਂ ਲਾਈਆਂ ਹਡੀਆਂ ਦਾ ਚੂਨਾ ਲਾ, ਖ਼ੂਨ ਦੀ ਸੁਰਖੀ ਪਾ ਐਸੀ ਪੱਕੀ ਇਮਾਰਤ ਬਣਾਈ ਕਿ ਜੁਗੋ ਜੁਗ ਨਾ ਹਿਲੇ, ਨਾ ਡਿਗੇ, ਨਾ ਭੱਜੇ।

ਅਸੀਂ.....ਸਾਡੇ ਕੋਈ ਸਿਆਸਤਦਾਨ, ਸਾਡੇ ਕੋਈ ਦੋਖੀ, ਜੇ ਸਾਡੇ ਵਿਚ ਆਕੇ ਸਾਡਾ ਬਾਣਾ ਪਾ ਦਸਮੇਸ਼ ਦੀ ਪਰਤੀਤੀ ਖੋ ਬੈਠੇ ਧਰਤੀ ਕੰਬ ਜਾਏਗੀ।

ਇਹ ਬੂਟਾ ਹੋਰੀ ਤਰ੍ਹਾਂ ਉਗਿਆ ਹੈ, ਹੋਰੀਂ ਤਰ੍ਹਾਂ ਫਲਿਆ ਹੈ-"ਜਿਥੇ ਨਾ ਵੈਰ ਕੋਈ ਜਿਥੇ ਨਾ ਜ਼ੋਰ ਕੋਈ " ਅਜੇ ਭੀ ਸੰਭਲ ਜਾਈਏ।

ਸਿਖੀ ਇਕ ਫ਼ਿਰਕਾ ਨਹੀਂ, ਪੰਥ ਹੈ। ਜੀਵਨ ਜਾਚ ਹੈ। ਇਸ ਨੂੰ ਤੰਗ ਨਹੀਂ ਕਰਨਾ ਖੁਲ੍ਹਾ ਕਰਨਾ ਹੈ, ਹੋਰ ਭੀ ਸਿਖ ਸਕਣ, ਹੋਰ ਭੀ ਇਸ ਰਸਤੇ ਤੇ ਚਲ ਸਕਣ। ਪੰਧ ਨਿਵੇਕਲਾ ਰਖਣਾ ਸਾਡੇ ਨਿਆਰੇਪੰਨ ਨੂੰ ਦਿਖਾਂਦਾ ਹੈ, ਜੋ ਸਾਡੀ ਸ਼ਾਨ ਦਾ, ਬੁਲੰਦੀ ਦਾ, ਡੂੰਘਾਈ ਦਾ ਲਖਾਇਕ ਹੈ ਅਤੇ ਜਗ ਦੀ ਰੀਤ ਤੋਂ ਵਖਰਾ, ਨਿਵੇਕਲਾ ਤੇ ਪ੍ਰਭਾਵਸ਼ਾਲੀ। ਜਗਤ ਭਰ ਵਿਚ ਕੇਵਲ ਸਿਖੀ ਲਈ ਮਖ਼ਸੂਸ ਸੇਵਾ, ਕਲਗੀਧਰ ਦੇ ਸਰੂਪ ਖਾਸ ਲਈ। ਗੁਰੂ ਗੋਬਿੰਦ ਸਿੰਘ ਦੇ ਭੀ ਚਰਨ ਟਿਕਾਣ ਲਈ, ਗੁਰੂ ਗੋਬਿੰਦ ਸਿੰਘ ਦੇ ਅੰਗ ਸੰਗ ਹੋਣ ਦੇ ਅਧਿਕਾਰੀ ਬਨਣ ਲਈ:

"ਜੇ ਤਉ ਪਿਰੀਆ ਦੀ ਸਿਕ।
ਹਿਆਉ ਨ ਠਾਹੇ ਕਹੀਦਾ।"

(ਖਾਲਸਾ ਨਿਆਰਾ ਵਿਚੋਂ)



Sri Satguru Jagjit Singh Ji Elibrary NamdhariElibrary@gmail.com

(ਆਰਤੀ ਵਿਚੋਂ)
ਯਾਤੇ ਪ੍ਰਸੰਨਿ ਭਏ ਹੈ ਮਹਾਂ ਮੁਨਿ,
ਦੇਵਨ ਕੇ ਤਪ ਮੈ ਸੁਖ ਪਾਵੈ।।
ਜਗ ਕਰੈ ਇਕ ਬੇਦ ਰਰੈ,
ਭਵਤਾਪ ਹਰੇ ਮਿਲਿ ਧਿਆਨਹਿ ਲਾਵੈ।।

.......... ............

ਔਰ ਨ ਮਾਗਤ ਹਉ ਤੁਮ ਤੇ ਕਛੁ;
ਚਾਹਤ ਹੋਂ ਚਿਤ ਮੈ ਸੋਈ ਕੀਜੈ।।
ਸ਼ਸਤ੍ਰਨ ਸੌਂ ਅਤਿ ਹੀ ਰਣ ਭੀਤਰ,
ਜੂਝ ਮਰੌਂ ਤਉ ਸਾਚ ਪਤੀਜੈ।।

ਗੁਰੂ ਕਲਗੀਧਰ ਦੇ ਉਪ੍ਰੋਕਤ ਸਵੈਈਏ ਦਾ ਭੀ ਸਾਡੀ ਰੋਜ਼ ਦੀ ਆਰਤੀ ਵਿਚ ਗਾਇਨ ਕੀਤਾ ਜਾਂਦਾ ਹੈ ਜਿਸ ਵਿਚ ਆਰਤੀ ਵਾਲੀ ਹੀ ਛਬੀ ਹੈ। ਪ੍ਰਭੂ ਦੇ ਹੁਸਨ ਦਾ ਲਸ਼ਕਾਰਾ ਹੈ। ਗੀਤ ਗਾਣ ਦਾ ਪੂਰਾ ਪਸਾਰਾ ਹੈ। ਸੰਖਾਂ ਦੀ ਸੁਰੀਲੀ ਆਵਾਜ਼ ਹੈ, ਘੰਟਿਆਂ ਦੀ ਧੁਨੀ ਹੈ, ਫੁੱਲਾਂ ਦੀ ਬਰਖਾ ਹੈ, ਅਨੇਕਾਂ ਸਾਜ਼ ਹਨ, ਪੂਰੀ ਤਿਆਰੀ ਹੈ ਗਾਣ ਤੇ ਸਰੂਰ ਵਿਚ ਨੱਚਣ ਲਈ । ਸਵਰਗ ਵਿਚ ਨੱਚਣ ਤੇ ਗਾਣ ਵਾਲੇ ਹਾਜ਼ਰ ਹਨ। ਸਿਰਵਾਰਨਿਆਂ ਤੇ ਇਨਾਮਾਂ ਦੀ ਭਰਮਾਰ ਹੈ। ਕੁਮ ਕੁਮ ਤੇ ਚਾਊਲਾਂ ਦਾ ਇਸਤੇਮਾਲ ਹੈ। ਦੇਵਤਿਆਂ ਨੂੰ ਮਿਲ ਕੇ ਮੰਗਲਾਚਾਰ ਦਾ ਮਹਾਨ ਉਤਸਵ ਹੈ। ਵੇਦਾਂ ਦਾ ਪਾਠ ਹੈ, ਜਨਮ ਮਰਨ ਦੇ ਦੁੱਖਾਂ ਨੂੰ ਦੂਰ ਕਰਨ ਦਾ ਭੀ ਬਿਆਨ ਹੈ। ਛੈਣੇ, ਕੈਂਸੀਆਂ, ਢੋਲ ਵਾਜੇ ਸਭ ਇਸ ਆਰਤੀ ਵਿਚ ਹਿੱਸਾ ਪਾਉਂਦੇ ਹਨ। ਐਸੀ ਮਹਾਨ ਆਰਤੀ ਰਚ ਕੇ ਫੇਰ ਰਵੀ ਨੂੰ, ਸ਼ਸ਼ੀ ਨੂੰ, ਕਰੁਨਾਨਿਧੀ ਨੂੰ- ਕੇਵਲ ਅਕਾਲ ਪੁਰਖੁ ਨੂੰ ਹੀ ਇਨ੍ਹਾਂ ਨਾਂਵਾਂ ਨਾਲ ਯਾਦ ਕਰ ਕੇ ਇਕ ਬੇਨਤੀ ਕਰਦੇ ਹਨ, ਇਕ ਮੰਗ ਮੰਗਦੇ ਹਨ ਜੋ ਜਹਾਨ ਤੋਂ ਨਿਆਰੀ ਹੈ, ਜੋ ਨਾ ਕਿਸੇ ਪਹਿਲੋ ਮੰਗੀ ਹੈ ਤੇ ਸ਼ਾਇਦ ਨਾ ਕੋਈ ਅੱਗੇ ਮੰਗ ਸਕੇਗਾ। ਫਰਮਾਂਦੇ ਹਨ " ਔਰ ਨ ਮਾਂਗਤ ਹਉ ਤੁਮਤੇ ਕੁਛ, ਚਾਹਤ ਹੋਂ ਚਿੱਤ ਮੈ ਸੋਈ ਕੀਜੈ"

ਤੇ ਕੀ ਮੰਗਿਆ ਹੈ ? ਰਣ ਤੱਤਾ ਹੋਵੇ, ਘਮਸਾਨ ਦੀ ਲੜਾਈ ਹੋਵੇ। ਇਕ ਪਾਸੇ ਸੱਚ ਹੋਵੇ ਤੇ ਉਹ ਮੁਕਾਬਲਾ ਕਰ ਰਿਹਾ ਹੋਵੇ ਝੂਠ ਦਾ, ਦਗ਼ੇਬਾਜ਼ੀ ਦਾ, ਅਤਿਆਚਾਰ ਦਾ, ਪਿਆਰੇ ਵਤਨ ਤੇ ਹਮਲੇ ਦਾ, ਤੇ ਐਸੇ ਵਾਤਾਵਰਣ ਵਿਚ ਇਕੋ ਚਾਹ ਹੈ ਕਿ ਸ਼ਸਤਰਾਂ ਦੇ ਨਾਲ ਸਜਿਆ ਹੋਇਆ ਮੈਂ ਜੂਝ ਕੇ ਮਰ ਜਾਵਾ, ਸੰਤਾਂ ਦੀ ਸਹਾਇਤਾ ਲਈ ਦੀਨਾਂ ਦੀ ਰਖਿਆ ਵਾਸਤੇ, ਦੇਗ ਤੇਗ ਫਤਹਿ ਦੀ ਲਲਕਾਰ ਵਾਸਤੇ, ਭੁੱਖੇ ਦੀ ਭੁੱਖ ਮਿਟਾਣ ਵਾਸਤੇ ਮੈਂ ਲੜ ਮਰਾਂ ਸ਼ਿਆਮ। ਬਸ ਕ੍ਰਿਪਾ ਕਰ ਕੇ ਮੇਰੇ ਨਾਲ ਸੱਚਾ ਇਕਰਾਰ ਕਰੀਂ, ਪੂਰਾ ਵਾਇਦਦਾ ਕਰੀਂ ਕਿ ਮੇਰੀ ਇਹ ਬਿਨਤੀ ਮੰਨ ਲਈਂ। ਹੋਰ ਜੋ ਤੇਰੇ ਚਿੱਤ ਆਵੇ ਕਰ ਲਈਂ । ਮੈਂ ਹੋਰ ਦੁਨੀਆਂ



Sri Satguru Jagjit Singh Ji Elibrary NamdhariElibrary@gmail.com

ਵਿਚ ਕਿਸੇ ਚੀਜ਼ ਦੀ ਇੱਛਾ ਨਹੀਂ ਰੱਖਦਾ। ਮੈਂ ਮੰਗਣ ਵਾਲਾ ਨਹੀਂ। ਮੇਰੇ ਪਾਸ ਜੋ ਕੁਝ ਵੀ ਹੈ ਤਨ, ਮਨ, ਧਨ ਉਹ ਮੈਂ ਸਾਰਾ ਵਤਨ ਦੇ ਗ਼ਰੀਬਾਂ ਅਤੇ ਬੇ-ਸਹਾਰਿਆਂ ਤੇ ਲੁਟਾ ਦੇਣ ਲਈ ਪੈਦਾ ਹੋਇਆ ਹਾਂ।

ਇਹ ਹੈ ਚਾਅ ਮਰਨ ਦਾ "ਮੋਹਿ ਮਰਨੇ ਕਾ ਚਾਉ ਹੈ ਮਰੌ ਤ ਹਰ ਕੈ ਦੁਆਰ"। ਘਮਾਸਾਨ ਦਾ ਯੁੱਧ ਚਲ ਰਿਹਾ ਹੋਵੇ, ਸੱਚ ਦੀ ਗੁੰਜਾਰ ਪਈ ਹੋਵੇ .... ਵਤਨ ਦੇ ਦੁਸ਼ਮਣਾਂ ਨੂੰ ਹੇਠੀ ਦਿਖਾਣ ਦਾ ਮੌਕਾ ਬਣਿਆ ਹੋਵੇ, ਐਸਾ ਯੁੱਧ, ਸੱਜ, ਧੱਜ ਨਾਲ ਕੀਤਾ ਯੁੱਧ, ਮਾਣ ਨਾਲ ਕੀਤਾ ਯੁੱਧ, ਐਸਾ ਯੁੱਧ ਜਿਹਦੇ ਵਿਚ ਵੈਰੀ ਨਾਲ ਵੈਰ ਨਹੀਂ, ਵੈਰ ਹੈ ਉਹਦੇ ਜ਼ੁਲਮ ਨਾਲ, ਨਰ ਸੰਘਾਰ ਦਾ ਮਨ ਨਹੀਂ ਪਰ ਜਿਸ ਵਿਚ ਫਤਹਿ ਹਾਸਲ ਕਰਨੀ ਵਾਹਿਗੁਰੂ ਦੇ ਨਿਯਮ ਨੂੰ ਚਲਾਣ ਖ਼ਾਤਰ ਮਜਬੂਰੀ ਹੈ-ਜ਼ਰੂਰੀ ਹੈ।

ਦੋਖੀਆਂ ਦਾ ਸਿੱਕਾ ਚਲਦਾ ਰਹੇ, ਫ਼ਰੇਬ ਦੀ ਚਾਦਰ ਛਾਈ ਰਹੇ ਤਾਂ ਸੱਚਾਈ ਜਾਂਦੀ ਹੈ ਤਾਂ ਝੂਠ ਦਾ ਨਕਾਬ ਛੁਪ ਜਾਂਦਾ ਹੈ। ਜਦ ਸਾਰੇ ਹੀਲੇ ਬੇ-ਅਸਰ ਹੋ ਜਾਣ ਤਾਂ ਹਲਾਲ ਹੈ ਤਲਵਾਰ ਕੱਢ ਕੇ ਮੈਦਾਨ ਵਿਚ ਆ ਜਾਣਾ, ਸ਼ਸਤਰਾਂ ਨਾਲ ਆਪਣੇ ਆਪਨੂੰ ਸਜਾ ਲੈਣਾ ਤੇ ਭੜਕਦੇ ਹੋਏ ਜੰਗ ਵਿਚ ਛਾਲ ਮਾਰ ਦੇਣਾ, ਜੂਝ ਮਰਨ ਨੂੰ ਤੱਤਪਰ ਹੋ ਜਾਣਾ, ਜੂਝ ਮਰਨ ਲਈ ਉਮੰਗ ਪੈਦਾ ਹੋਣੀ ਸਿੱਖ ਬਣ ਜਾਣੀ । ਸਾਰੇ ਜਗ ਦੇ ਸੰਤਾਂ ਦੀ ਸਹਾਇਤਾ ਲਈ, ਸੰਤ ਉਬਾਰਨ ਲਈ, ਦੁਸ਼ਟ ਬਿਦਾਰਨ ਲਈ ਜ਼ਰੂਰੀ ਹੈ ਮਰ ਮਿਟਣਾ, ਧਰਤੀ ਨੂੰ ਖ਼ੂਨ ਨਾਲ ਸਿੰਜਣਾ ਖ਼ੁਦੀ ਨੂੰ ਮਿਟਾ ਕੇ ਖ਼ੁਦਾਈ ਦੀ ਚਿਣਗ ਮੰਗ ਲੈਣਾ, ਬੀਜ ਪਾਣਾ ਕਿ ਹੋਰ ਸੂਰਮੇ ਉੱਠ ਖਲੋਣ। ਜਿਤਨੀ ਦੇਰ ਬਾਹਰੋਂ ਆਏ ਹਮਲਾਵਰ, ਦੇਸ਼ ਵਿਚ ਵੱਸਦੇ ਜਰਵਾਣੇ, ਲੋਕਾਂ ਦੀ ਭੁੱਖ, ਲੋਕਾਂ ਦੀ ਨਗਨਤਾ ਤੇ ਲੋਕਾਂ ਦੇ ਉਜਾੜੇ ਵਿਚ ਆਪਣੇ ਮਹਿਲ ਉਸਾਰਦੇ ਹੋਣ ਤਾਂ ਲੋੜ ਹੈ ਮੁਕਾਬਲੇ ਲਈ ਐਸਾ ਮਹਿਲ ਉਸਾਰਨਾ ਜਿਸ ਦੀਆਂ ਨੀਹਾਂ ਵਿਚ ਚੂਨੇ ਦੀ ਥਾ ਤੇ ਬਹਾਦਰਾਂ ਦੀਆਂ ਹੱਡੀਆਂ ਦੀ ਤੈਹ ਬਿਠਾਣੀ, ਉਪਰ ਖ਼ੂਨ ਨੂੰ ਸੁਰਖੀ ਦੀ ਥਾਂ ਤੇ ਭਰ ਦੇਣਾ, ਤੇ ਇੱਟਾਂ ਦੀ ਥਾਂ ਤੇ ਸਿਰ ਧਰ ਦੇਣੇ - ਇਸ ਤਰ੍ਹਾਂ ਬਣਾਇਆ ਸੀ ਕਲਗੀਧਰ ਨੇ ਸਿੱਖੀ ਦਾ ਮੈਹਲ ਤੇ ਆਰਤੀ ਦੇ ਸਮੇਂ ਤੇ ਜਦ ਲੋਕ ਮੰਗਦੇ ਨੇ ਦੁੱਧ ਤੇ ਪੁੱਤ, ਧੰਨ ਦੌਲਤ, ਰਿਜ਼ਕ ਤੇ ਕਮਾਈ, ਇਸਤ੍ਰੀ ਤੇ ਸੋਨਾ, ਭਗਤ ਜਨ ਮੰਗਦੇ ਹਨ ਆਟਾ ਤੇ ਲੂਣ, ਸਿਰਹਾਣਾ ਤੇ ਤੁਲਾਈ, ਗਊ, ਭੈਂਸ ਤੇ ਲਵੇਰੀ.....ਤੇ ਘਰ ਦੀ ਗੀਹਨ ਚੰਗੀ। ਉਸ ਵੇਲੇ ਯੋਗੀ ਸੂਰਮਾ, ਸੰਤ-ਸਿਪਾਹੀ ਵਤਨ ਖ਼ਾਤਰ, ਗ਼ਰੀਬਾਂ ਖ਼ਾਤਰ, ਉਜੜਿਆਂ ਖ਼ਾਤਰ, ਬੇ-ਆਸਰਿਆਂ ਖ਼ਾਤਰ, ਨਿਘਰਿਆਂ ਖ਼ਾਤਰ, ਜੰਗ ਖੇਤਰ ਵਿਚ ਜੂਝ ਮਰਨਾ ਮੰਗ ਰਹੇ ਹਨ। ਕਿਆ ਮੰਗ ਹੈ, ਕਿਆ ਤਰਾਸ ਹੈ, ਕਿਆ ਵਤਨ ਪ੍ਰਸਤੀ ਹੈ, ਕਿਆ ਦੀਨ ਲਈ ਹਮਦਰਦੀ ਹੈ। ਇਹ ਬੀਰ ਰਸ ਦਾ ਕਮਾਲ ਹੈ, ਇਹ ਡੌਲਿਆਂ ਨੂੰ ਫੜਕਾਂ ਦੇਣ ਲਈ ਕਾਰੀ ਹੈ। ਇਸ ਆਰਤੀ ਦੀ ਖ਼ੂਬਸੂਰਤੀ ਸਾਹਮਣੇ ਘਰ ਦੀ ਮੁਹੱਬਤ ਭਰੀ



Sri Satguru Jagjit Singh Ji Elibrary NamdhariElibrary@gmail.com

ਨਾਰ ਸਾਹਮਣੇ, ਰਣ ਵਿਚ ਕਟਾਰ-ਦੇਵੀ ਹੈ।

## ਗੁਰੂ ਨਾਨਕ-ਵਿਦਿਆ ਮਾਰਗ ਤੇ

ਵਿਦਿਆ ਜੋ ਕੰਨਾਂ ਦੇ ਕਪਾਟ ਖੋਹਲੇ, ਜਿਸਮ ਦੀ ਮਸ਼ੀਨ ਦਾ ਪੁਰਜ਼ਾ ਪੁਰਜ਼ਾ ਤੰਦਰੁਸਤ ਤੇ ਫੁਰਤੀਲਾ ਰਖਣ ਵਿਚ ਮਦਦ ਦੇਵੇ, ਦਿਮਾਗ ਨੂੰ ਜਾਗਰਤਾ ਬਖਸ਼ੇ, ਨੇਤਰਾਂ ਅਗੇ ਕਾਦਰ ਦੀ ਕੁਦਰਤ ਦੇ ਰੰਗ ਦਾ ਝਲਕਾ ਦੇਵੇ, ਮਨ ਵਿਚ ਖੇੜੇ ਤੇ ਸੁਛਤਾ ਨੂੰ ਟੁੰਬੇ ਤੇ ਆਤਮਾ ਨੂੰ ਮਹਾਨਤਾ ਤੇ ਰੰਗ ਵਿਚ ਰੰਗੀਜ ਦੇਵੇ।

ਜਦ ਗੁਰੂ ਨਾਨਕ ਵਿਦਿਆਰਥੀ ਬਣਿਆ ਤਾਂ ਉਸ ਪ੍ਰਤਿਗਿਆ ਕੀਤੀ ਕਿ ਜੋ ਸੁਣਨਾ ਹੈ, ਸਤਿਕਾਰ ਨਾਲ ਮੰਨਣਾ ਹੈ ਉਸ ਵਿਸਥਾਰ ਨਾਲ ਜ਼ਿੰਦਗੀ ਢਾਲਣੀ ਹੈ "ਜਿਨੀ ਸੁਣ ਕੇ ਮੰਨਿਆ ਤਿਨਾ ਨਿਜ ਘਰ ਵਾਸ। ਉਹ ਦਿਲ ਦੀ ਪੱਟੀ ਨੂੰ ਲਿਸ਼ਕਾ ਚਮਕ ਮੋਟੇ ਮੋਟੇ ਅਖਰਾਂ ਵਿਚ ਲਿਖੀ ਬੈਠਾ ਸੀ ਜੋ ਪੜ੍ਹਨਾ ਹੈ ਉਸਤੇ ਅਮਲ ਕਰਨਾ ਹੈ।

"ਜਹ ਕਰਣੀ ਤਹ ਪੂਰੀ ਮਤ ਕਰਣੀ ਬਾਝਹੁ ਘਟੇ ਘਟ
ਅਮਲ ਕਰ ਧਰਤੀ ਬੀਜ ਸ਼ਬਦੋ ਸੱਚ ਕੀ ਆਬ ਨਿਤ ਦੇ ਪਾਣੀ"
ਮੇਹਨਤ ਕਰਣੀ ਹੈ ਉਸ ਨੇ ਠਾਨ ਲਿਆ ਸੀ

"ਹੋਏ ਕਿਰਸਾਣ ਈਸਾਣ ਜੰਮਾਏ ਲੈ" ਗਿਆਨ ਭੰਡਾਰ ਉਸਾਰਨ ਵਿੱਚ ਉਸ ਪੂਰੇ ਤਾਨ ਨਾਲ ਤਹੱਯਾ ਕੀਤਾ।

"ਰੇ ਮਨ ਆਲਸ ਕਿਆ ਕਰਹਿ" ਨਾਲੇ ਇਹ ਭੀ "ਮਨ ਰੇ ਹਉਮੈਂ ਛੋਡ ਗੁਮਾਨ" ਤੇ" ਪਾਖੰਡ ਭਗਤਿ ਨ ਹੋਵਈ"

ਕਿਉਂਕਿ ਭਗਤੀ ਬਿਨਾ, ਲਿਵ ਬਿਨਾ ਗਿਆਨ ਦਾ ਕਿਲ੍ਹਾ ਉਸਾਰਨਾ ਸਾਧਾਰਨ ਕੰਮ ਨਹੀਂ।

ਇਹ ਠੀਕ ਹੈ ਕਿ ਸਾਰੇ ਇਲਮਾਂ ਦੇ ਬੰਬੇ ਦੇ ਲਾਗੇ ਲਾਗੇ ਗੁਰੂ ਨਾਨਕ ਆਪ ਹਰਵੇਲੇ ਵਸਦੇ ਸਨ ਤੇ ਦਰਗਾਹ ਦੀਆਂ ਦਾਤਾਂ ਨਾਲ ਉਹਨਾਂ ਦੀ ਝੋਲੀ ਭਰੀ ਪਈ ਸੀ। ਪਰ ਗੁਰੂ ਨੇ ਮੁੱਨਖੀ ਜਾਮੇ ਵਿਚ ਵਿਚਰਨਾਂ ਸੀ, ਸੰਸਾਰ ਲਈ ਪੂਰਨੇ ਪਾਣੇ ਸਨ। ਸਾਧਾਰਨ ਦਲੀਲ ਰਾਹੀਂ ਸਾਰੇ ਜਗਤ ਦੀਆਂ ਗਲਤੀਆਂ ਦਰੁਸਤ ਕਰਨੀਆਂ ਸਨ। ਉਦਮ ਦੀ ਰੀਤ ਪਾਣੀ ਸੀ। ਸਿਦਕੀਆਂ ਨੂੰ ਜਾਚ ਸਿਖਾਣੀ ਸੀ ਭਰਮਾਂ ਦੇ ਸੰਗਲ ਕਿਵੇਂ ਤੋੜਨੇ ਹਨ।

ਨਕਲੀ ਬ੍ਰਾਹਮਣਵਾਦ ਦੀ ਆਤਸ਼ਬਾਜੀ ਫੂਕ ਕੇ ਸਚਾਈ ਦੀ ਚਿੰਨਗ ਮਘਾਣੀ ਸੀ। ਧਾਰਮਕ ਜਗਤ ਨੂੰ ਪਖੰਡ ਤੋਂ ਤੇ ਫੋਕੇ ਕਰਮ ਕਾਂਡ ਤੋਂ ਨਿਜਾਤ ਦਿਵਾਣੀ ਸੀ। ਮਿਹਨਤ ਦਾ ਬੋਲ ਬਾਲਾ ਕਰਨਾ ਸੀ। ਦੰਭੀਆਂ ਦੇ ਦੰਭਾਂ ਤੋਂ ਫਰੇਬ ਦੀ ਚਾਦਰ ਲਾਹਕੇ ਲੁਕਾਈ ਸਾਹਵੇਂ ਨੰਗਿਆਂ ਕਰ ਦਿਖਾਣਾ ਸੀ।



Sri Satguru Jagjit Singh Ji Elibrary NamdhariElibrary@gmail.com

ਉਹ ਪੜ੍ਹਤਾ ਸੀ, ਬਹੁਤ ਪੜ੍ਹਦਾ ਸੀ ਪਰ ਸਿਰਫ ਕਿਤਾਬਾਂ ਦਾ ਮੁਤਾਲਿਆ ਉਸ ਲਈ ਕਾਫ਼ੀ ਨਹੀਂ ਸੀ। ਓਹ ਪੜ੍ਹਦਾ ਸੀ ਨਦੀਆਂ ਤੇ ਪਹਾੜਾਂ ਕੋਲੋਂ, ਚੰਨ ਤੇ ਤਾਰਿਆਂ ਕੋਲੋਂ, ਖੰਡਾਂ ਤੇ ਬ੍ਰਹਮੰਡਾਂ ਦੇ ਸੱਚੇ ਹੋਣ ਦੇ ਵਿਸ਼ਵਾਸ਼ ਵਿਚੋਂ, ਧਰਤੀ ਤੇ ਧਰਤੀ ਦੇ ਜੀਅ ਜੀਅ ਕੋਲੋਂ, ਪ੍ਰਭੂ ਦੇ ਬਣਾਏ ਜੀਆ ਜੰਤ ਪਾਸੋਂ, ਪੱਤਿਆਂ ਦੀ ਸ਼ਾਂ ਸ਼ਾਂ ਵਿਚੋਂ, ਪਵਣ-ਗੁਰੂ ਕੋਲੋਂ, ਪਾਣੀ ਪਿਤਾ ਕੋਲੋਂ, ਧਰਤੀ ਮਾਤਾ ਕੋਲੋਂ, ਦਿਵਸ ਮਤ ਦੀਆਂ ਥਾਪੜਾਂ ਕੋਲੋਂ, 'ਤੇ' ਭਾਂਤ ਭਾਂਤ ਦੀ ਰਚਨਾ ਕੋਲੋਂ, ਬੰਦਿਆਂ ਕੋਲੋਂ ਪਸ਼ੂਆਂ ਤੇ ਪੰਛੀਆਂ ਕੋਲੋਂ ਓਹ ਸਿਖਦੇ ਰਹੇ। ਵਿਦਿਆ ਨੂੰ ਵਿਚਾਰਣ ਵਲ ਉਹਨਾਂ ਦਾ ਵਿਸ਼ੇਸ਼ ਧਿਆਨ ਸੀ।

ਨਿਰਮੂਲ ਨਿਰਸਿਧਾਂਤ ਨਿਰ-ਆਧਾਰ ਪੜ੍ਹਾਈ ਨੂੰ ਗੁਰੂ ਨਾਨਕ ਦੇ ਘਰ ਵਿਚ ਝਖਨਾਂ ਝਾਖ ਜਾਂ ਝਖ ਮਾਰਨਾ ਆਖਿਆ ਗਿਆ ਹੈ।

---

ਵਡਿਆਂ ਦੀ ਰੀਸ ਛੱਡ ਦਿੱਤੀ ਪਰ ਕੌੜ ਉਹਨਾ ਨਾਲ ਭੀ ਨਹੀਂ। ਉਹਨਾਂ ਅੰਦਰ ਭੀ ਜੋ ਅੱਗ ਦਾ ਭਾਬੜ ਬਲਦਾ ਸੀ ਉਸ ਤੇ ਭੀ ਹਰੀ-ਨਾਮ ਦੇ ਛਟੇ ਮਾਰੇ-ਨਫ਼ਰਤ ਨਾਲ ਨਹੀਂ, ਡਰ ਨਾਲ ਨਹੀਂ, ਨਿਰਵੈਰਤਾ ਤੇ ਨਿਰਭੈਤਾ ਨਾਲ, ਉਹਨਾਂ ਸਾਹਮਣੇ ਖੜ੍ਹਕੇ। ਜੋ ਕੋਈ ਪਾਪਾਂ ਤੋਂ ਤੋਬਾ ਕਰ ਲਵੇ ਉਹਨਾ ਦੇ ਜ਼ਖਮਾਂ ਤੇ ਭੀ ਮਲ੍ਹਮ ਲਾ ਦਿੱਤੀ। ਇੰਜ ਗੁਜ਼ਾਰੇ ਉਸ ੨੨ ਸਾਲ। ਉਸ ਘਰੋਂ ਬਾਹਰ ਵਿਚਾਰਾਂ ਕਰਦਿਆਂ, ਬਖਸ਼ਦਿਆਂ ਤੇ ਪ੍ਰਭੂ ਪਾਸੋਂ ਬਖਸ਼ਾਉਂਦਿਆ ਲੋਕਾਂ ਵਿਚ ਰਚ ਮਿਚ ਜਾਂਦਿਆਂ, ਪਸ਼ੂਆਂ ਪੰਛੀਆਂ ਨਾਲ, ਬ੍ਰਿਛਾਂ ਤੇ ਬੂਟਿਆਂ ਸੰਗ ਵੱਕਤ ਟਪਾਂਦਿਆਂ, ਘਾਲਾਂ ਘਾਲਦਿਆਂ, ਆਸਮਾਨੀ ਉਡਾਰੀਆਂ ਵਿਚ, ਜ਼ਮੀਨ ਦੇ ਸਫ਼ਰਾਂ ਵਿਚ, ਪੰਛੀਆਂ ਦੇ ਗੀਤ ਸੁਣਨ ਵਿਚ, ਉਹਨਾਂ ਦੀਆਂ ਬੋਲੀਆਂ ਸਮਝਣ ਵਿਚ, ਧਰਤੀ ਦੇ ਦਿਲ ਦੀ ਧੜਕਨ ਸੁਣਦਿਆਂ-ਗੁਜ਼ਾਰ ਦਿਤੇ ਬਾਈ ਸਾਲ, ਅਸਮਾਨ ਦੀ ਮੁਸਕਰਾਹਟ ਤਕਦਿਆਂ, ਪਹਾੜਾਂ ਨੂੰ ਚੀਰਦਿਆਂ, ਥਲਾਂ ਨੂੰ ਪਾਰ ਕਰਦਿਆਂ, ਵਾਹਣਾ ਵਾਂਹਦਿਆਂ, ਡੂੰਘਾਈਆਂ ਤੇ ਉਚਾਈਆਂ ਅਬੂਰ ਕਰਦਿਆਂ,।

ਉਪਕਾਰ ਕਰਦੇ ਰਹੇ ਉਹ, ਮਾਲਕ ਦੇ ਬਣਾਏ ਹੋਇਆਂ ਉਤੇ। ਯਾਦ ਕਰਦੇ ਰਹੇ ਉਹ ਛਿੰਨ ਛਿੰਨ ਮਾਲਕ ਨੂੰ ਸੁਣਾਂਦੇ ਰਹੇ ਉਹ ਮਧੁਰ ਮਧੁਰ ਗੀਤ ਤੇ ਸੁਣਦੇ ਰਹੇ ਉਹ ਗ਼ਮ ਦੀਆਂ ਕਹਾਣੀਆਂ ਤੇ ਦੁਖੀਆਂ ਦੇ ਕੀਰਨੇ। ਵੰਡਦੇ ਰਹੇ ਉਹ ਸੁੱਖ ਤੇ ਖੁਸ਼ੀ। ਝੀਲਦੇ ਰਹੇ ਆਪ ਦੁਨੀਆਂ ਦੀ ਆਪੋ-ਧਾਪੀ ਤੋਂ ਉਪਜੀ ਅਸ਼ਾਂਤੀ ਦੇਂਦੇ ਰਹੇ ਉਹ ਪਿਆਰ ਤੇ ਦਿਲਾਸੇ ਤੇ ਲੈਂਦੇ ਰਹੇ ਉਹ....ਤਸਲੀਆਂ ਤੇ ਹਾਸੇ ਕਰਦੇ ਰਹੇ ਉਹ ਕਰਮ ਤੇ ਰਹਿਮਤਾਂ ਤੇ ਲੈਂਦੇ ਰਹੇ ਉਹ ਪ੍ਰਤੀਕਰਮ ਵਜੋਂ ਬਰਕਤਾਂ।

ਮਿਲੇ ਉਹ ਸਾਰੀ ਲੁਕਾਈ ਨੂੰ, ਸ਼ਾਹਾਂ ਨੂੰ ਫਕੀਰਾਂ ਨੂੰ, ਅਮੀਰਾਂ ਨੂੰ, ਰਾਜਿਆਂ ਨੂੰ, ਰੰਕਾਂ ਨੂੰ, ਤੰਦਰੁਸਤਾਂ ਨੂੰ ਬੀਮਾਰਾਂ ਨੂੰ। ਹਰ ਕਿੱਤੇ ਦੇ ਲੋਕਾਂ ਨੂੰ, ਹਰ ਧਰਮ



Sri Satguru Jagjit Singh Ji Elibrary NamdhariElibrary@gmail.com

ਦੇ ਪ੍ਰਚਾਰਕਾਂ ਨੂੰ, ਹਰ ਪ੍ਰਦੇਸ਼ ਦੇ ਵਾਸੀਆਂ ਨੂੰ, ਹਰ ਰੰਗ ਦੇ ਆਦੀਵਾਸੀਆਂ ਨੂੰ, ਹਰ ਬੋਲੀ ਦੇ ਬੁਲਾਰਿਆਂ ਨੂੰ, ਹਰ ਵਖਰ ਦੇ ਵਾਪਾਰੀਆਂ ਨੂੰ, ਰੋਗੀਆਂ ਨੂੰ, ਸੋਗੀਆਂ ਨੂੰ, ਯੋਗੀਆਂ ਨੂੰ, ਭੋਗੀਆਂ ਨੂੰ, ਗਹਿਰ ਗੰਭੀਰਾਂ ਨੂੰ, ਮਨ ਦੇ ਮੌਜੀਆਂ ਨੂੰ, ਪਥੱਰਾਂ ਨੂੰ, ਜੌਹਰੀਆਂ ਨੂੰ, ਰਾਕਸ਼ਾਂ ਨੂੰ, ਦੇਵਤਿਆਂ ਨੂੰ ਤੇ ਕਾਮ-ਰੂਪ ਦੀਆਂ ਨਾਰੀਆਂ ਨੂੰ।

ਤਾਰਿਆ ਉਹਨਾਂ ਬੇਜਾਨਾਂ ਨੂੰ ਭੀ-ਪੁਛੋ ਹਸਨ ਅਬਦਾਲ ਦੇ ਪਥਰਾਂ ਨੂੰ, ਏਮਨਾਂ ਬਾਦ ਦੇ ਰੋੜਿਆਂ ਨੂੰ, ਪੀਲੀ ਭੀਤ ਦੇ ਰੇਠਿਆਂ ਨੂੰ ਤੇ ਬਾਬਰ ਦੀਆਂ ਚਕੀਆਂ ਨੂੰ - ਹੋਰ ਸਭ ਨੂੰ ਜਿਨ੍ਹਾਂ ਨੇ ਨਾਨਕ ਦੀ ਛੋਹ ਪਾਈ।

ਹਾਂ ਜੀ, ਇੰਜ ਗੁਜ਼ਰੀਆਂ ਮਹਾਨ ਰਮਤਾਂ ਦੀਆਂ ਪਦ ਯਾਤਰਾਵਾਂ। ਕੋਈ ਬਾਈ ਦਿਨ ਦੀ ਪਦ ਯਾਤਰਾ ਕਰਦਾ ਹੈ, ਟੋਲੀਆਂ ਦੇ ਟੋਲੇ ਬਣਾ ਕੇ, ਕਈਂ ਸੁਖ ਅਰਾਮ ਵਿਚ ਤਾਂ ਵਜਦੇ ਨੇ ਵਾਜੇ ਤੇ ਕਟੀਂਦੇ ਨੇ ਢੋਲ ਦਰਜਨਾਂ ਬਸਾਂ ਵਿਚ ਹਜ਼ਾਰਾਂ ਲੋਕ ਸਵਾਗਤਮ ਕਰਨ ਲਈ ਜਾ ਮਿਲਦੇ ਨੇ, ਅਖ਼ਬਾਰ ਨਵੀਸ ਤੇ ਤਸਵੀਰਾਂ ਖਿੱਚਣ ਵਾਲੇ ਅਗੇ ਪਿਛੇ ਬੇਹਬਲ ਹੋਏ ਫਿਰਦੇ ਨੇ। ਬਾਬੇ ਨੇ ਬਾਈ ਸਾਲ ਲਗਾ ਦਿਤੇ, ਕਿੱਤੇ ਡੰਕਾ ਨਹੀਂ ਵਜਾਇਆ, ਕਦੇ ਆਪਣੀ ਗਲ ਨਹੀਂ ਗੌਲੀ, ਆਪਨੂੰ ਕਿਸੇ ਮਹਾਨਤਾ ਦਾ ਅਧਿਕਾਰੀ ਨਹੀਂ ਜਾਤਾ, ਕਿਸੇ ਤੇ ਅਹਿਸਾਨ ਨਹੀਂ ਕੀਤਾ, ਦੁਨੀਆਂ ਦਾ ਦਰਦ ਫੋਲਿਆ, ਉਸੇ ਵਿਚ ਸਵਾਦ ਲੈ ਲਿਆ। ਅਹੰਕਾਰੀ ਰਾਕਸ਼ਾਂ ਦੇ ਅੰਦਰ ਉਬਲਦੇ ਤਪਦੇ ਕੜਾਹਿਆਂ ਵਿਚ ਸੀਤਲ ਨਾਮ ਦੇ ਪੀਪੇ ਲੱਦ ਦਿਤੇ, ਕੁਰਾਹੀਆਂ ਨੂੰ ਰਾਹੇ ਪਾ ਦਿਤਾ, ਜਗਤ ਜਲੰਦਾ ਰੱਖ ਲੀਤਾ। ਘਾਲ ਬਾਏ ਪੈ ਗਈ, ਢੇਰ ਮੁਆਵਜ਼ਾ ਵਸੂਲ ਹੋ ਗਿਆ। ਜਨਤਾ ਜੋ ਸੁਖੀ ਹੋ ਗਈ.... ਜੇ ਆਤਮਕ ਉਚਾਈ ਨਾਪ ਲੈਣ ਦਾ ਯਤਨ ਕੀਤਾ ਜਾਏ, ਓਹਦੇ ਰੰਗ ਵਿਚ ਰੰਗੇ ਸ਼ਬਦਾਂ ਅਗੇ ਜੇ ਆਤਮਾ ਦਾਂ ਨਾਚ ਕਰਾਇਆ ਜਾਏ, ਉਸਦੇ ਬਣਾਏ ਜਾਂ ਵਰਤੇ ਰੂਪਕਾਂ ਦਾ ਕਾਂਡ ਛੋਹਿਆ ਜਾਵੇ, ਬਾਣੀ ਦਾ ਰੰਗ ਮਾਣਨ ਲਈ......ਰੱਸ ਦੇ ਸਮੁੰਦਰ ਵਿਚ ਤਾਰੀ ਲਾਣ ਲਈ.....ਨੌ ਰਸਾਂ ਦੀ ਅਮੀਰੀ ਮਾਣਨ ਲਈ.....ਖ਼ੁਮਾਰੀ ਦਾ ਹੱਦ ਬੰਨਾ ਛੋਹਨ ਲਈ.....ਇਸ਼ਕ ਦੇ ਝਨਾਵਾਂ ਵਿਚ ਤਾਰੀ ਲਾਣ ਲਈ.....ਰਾਗਾਂ ਰੰਗਾਂ ਤੇ ਆਤਮਿਕ ਨਾਚਾਂ ਦਾ ਸੰਗ੍ਰਹਿ ਜੀਵਨ ਦੇ ਅੰਦਰ ਪਾਣ ਲਈ, ਤਾਂ ਹੀ ਉਸਦੀ ਵਿਦਿਆ ਸੰਬੰਧੀ ਠੋਸ ਬਿਆਨ ਦੀ ਸਮਝ ਪੈਂਦੀ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਨੇ ਜਦ ਗੁਰੂ ਗਰੰਥ ਸਾਹਿਬ ਵਿਚ ਆਪਣੀ ਬਾਣੀ ਵੀ ਰਚੀ ਤੇ ਦੁਨੀਆਂ ਦੀ ਸਭ ਤੋਂ ਪਹਿਲੀ ਸਾਂਝੀ ਬਾਣੀ ਸਾਂਝੇ ਗਿਆਨ ਨੂੰ ਸੰਪਾਦਨ ਕੀਤਾ ਤਾਂ ਆਪ-ਮੁਹਾਰੇ ਉਨ੍ਹਾਂ ਦੇ ਮੂੰਹੋਂ ਨਿਕਲ ਗਿਆ ਕਿ ਇਹ ਇਕ ਰੂਹਾਨੀ ਥਾਲ ਪਰੋਸਿਆ ਗਿਆ ਹੈ। ਇਸ ਵਿਚ:

*'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।।*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸਕਾ ਸਭਸੁ ਅਧਾਰੋ।।*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸਕਾ ਹੋਇ ਉਧਾਰੋ।।*



Sri Satguru Jagjit Singh Ji Elibrary NamdhariElibrary@gmail.com

*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥*

*ਤਮ ਸੰਸਾਰੁ ਚਰਨ ਲਗਿ ਤਰੀਐ ਸਭ ਨਾਨਕ ਬ੍ਰਹਮ ਪਸਾਰੋ॥੧੪੨੯॥*

ਪੰਦਰਾਂ ਭਗਤ, ੧੧ ਭੱਟ ਤੇ ਚਾਰ ਸਿੱਖ ਏਡੇ ਉੱਚੇ ਗਿਣੇ ਗਏ ਕਿ ਇਨ੍ਹਾਂ ਸਭ ਦੀ ਬਾਣੀ ੫ ਗੁਰੂ ਸਾਹਿਬਾਨ ਦੀ ਬਾਣੀ ਦੇ ਤੁਲ ਪਰਵਾਨੀ ਗਈ। ਇਹ ਭਗਤ ਨਾਂ ਇਕ ਧਰਮ ਦੇ ਸਨ, ਪਰ ਸਭ ਦੇ ਦਿਲੋਂ ਇਕੋ ਆਵਾਜ਼ ਨਿਕਲ ਰਹੀ ਸੀ ਕਿ "ਕਿਸੇ ਦਾ ਹਿਰਦਾ ਨਾ ਦੁਖਾਓ ਕਿਉਂਕਿ ਵਾਹਿਗੁਰੂ ਨੇ ਲੋਕਾਂ ਦਾ ਹਿਰਦਾ ਆਪਣੇ ਰਹਿਣ ਲਈ ਘਰ ਬਸਾਇਆ ਹੋਇਆ ਹੈ।"ਗੁਰੂ ਸਾਹਿਬਾਂ ਬਾਰ ਬਾਰ ਫ਼ੁਰਮਾਇਆ "ਜੇ ਤੁਸੀਂ ਤੱਕਣਾ ਚਾਹੁੰਦੇ ਹੋ ਕਿ ਵਾਹਿਗੁਰੂ ਦਾ ਸੋਦਰ ਕਿੱਥੇ ਹੈ ਜਿੱਥੇ ਵਾਹਿਗੁਰੂ ਦੇ ਗੁਣ ਬਖਾਣੇ ਜਾਂਦੇ ਹਨ ਜਿੱਥੇ ਉਹ ਬੈਠ ਕੇ ਸਰਬ ਦੀ ਸਮ੍ਹਾਲਨਾ ਕਰਦਾ ਹੈ, ਜਿੱਕੇ ਅਨੇਕ ਅਸੰਖ ਨਾਦ ਵੱਜਦੇ ਹਨ ਔਰ ਕਈ ਵਾਵਨ ਹਾਰੇ ਹਨ ਉਹ ਥਾਂ ਜਿੱਥੇ ਪਰੀਆਂ ਆ ਕੇ ਰਾਗ ਗਾਂਦੀਆਂ ਹਨ ਜਿੱਥੇ ਪਵਨ ਪਾਣੀ, ਬਸੰਤਰ ਗਾਂਦੇ ਹਨ ਧਰਮ ਰਾਜ ਗਾਉਂਦਾ ਹੈ ਚਿਤਰ ਗੁਪਤ ਲਿਖਦੇ ਹਨ ਤੇ ਇਨਸਾਫ਼ ਨਾਲ ਲਿਖਦੇ ਹਨ ਤੇ ਸੱਚ ਲਿਖਦੇ ਹਨ ਤੇ ਵਧਾ ਘਟਾ ਕੇ ਨਹੀਂ ਲਿਖਦੇ ਤੇ ਫਿਰ ਲਿਖ ਲਿਖ ਧਰਮ ਵਿਚਾਰਦੇ ਹਨ-ਈਸ਼ਰ ਬ੍ਰਹਮਾਂ ਦੇਵੀ ਤੈਨੂੰ ਗਾਉਂਦੇ ਹਨ, ਤੇਰੀਆਂ ਵਡਿਆਈਆਂ ਤਸਲੀਮ ਕਰਦੇ ਹਨ, ਤੈਨੂੰ ਜਗਤ ਦਾ ਕਰਤਾ ਮੰਨਦੇ ਹਨ। ਤੇਰੀ ਸ਼ਾਨ ਨੂੰ, ਤੇਰੀ ਬੁਲੰਦੀ ਨੂੰ, ਤੇਰੇ ਜਾਹੋ ਜਲਾਲ ਨੂੰ ਇਕਬਾਲ ਕਰਦੇ ਹਨ। ਇਹ ਸਭ ਕੁਝ, ਇਹ ਮਹਾਨ ਸੀਨ, ਇਹ ਮਹਾਨ ਡਰਾਮਾ ਕਿੱਥੇ ਖੇਲਿਆ ਜਾਂਦਾ ਹੈ ਉਹ ਰੰਗ-ਮੰਚ ਕਿੱਥੇ ਹੈ ਤਾਂ ਕੇਵਲ ਦੋ ਜੁਆਬ ਸੁਝਦੇ ਹਨ। ਸਾਰੀ ਕਾਇਨਾਤ, ਸਾਰੀ ਕੁਦਰਤ ਉਹੋ ਰੰਗ-ਮੰਚ ਹੈ ਉਹੋ ਸੋਦਰ ਹੈ।

ਉਤਸ਼ਾਹ ਵਾਲੀਆਂ ਤੇ ਢਹਿੰਦੀਆਂ ਕਲਾਂ ਵਾਲੀਆਂ, ਪਿਆਰ ਵਾਲੀਆਂ ਤੇ ਹਸਦ ਵਾਲੀਆਂ, ਜਪ, ਤਪ, ਭਾਉ ਪੂਜਾ ਵਾਲੀਆਂ ਤੇ ਚੋਰੀ ਵਾਲੀਆਂ, ਹਰਾਮ ਖ਼ੋਰੀ ਵਾਲੀਆਂ, ਪਾਪਾਂ ਵਾਲੀਆਂ ਤੇ ਮੂਰਖਤਾਈ ਵਾਲੀਆਂ ਇਹਨਾਂ ਮੁਤਜ਼ਾਦ ਭਾਵਾਂ ਦਾ ਸਾਂਝਾ ਸਥਾਨ ਹੈ ਇਹ ਦੁਨੀਆਂ-ਇਹ ਜਗ ਸੱਚੇ ਦੀ ਕੋਠਰੀ ਹੈ ਤੇ ਇਸ ਵਿਚ ਜੀਵ ਭਟਕ ਰਿਹਾ ਹੈ। ਫਸਿਆ ਪਿਆ ਹੈ, ਮੱਕੜੀ ਦੇ ਜਾਲ ਵਿਚ, ਪਰ ਇਨਸਾਨੀ ਜੀਵਨ ਵਿਚ ਸੋਚ ਬਖਸ਼ੀ ਗਈ ਹੈ ਸੋਚ-ਸ਼ਕਤੀ ਦਾ ਉਪਯੋਗ ਜ਼ਰੂਰੀ ਹੈ। ਗੁਰੂ ਦਾ ਉਪਦੇਸ਼ ਜ਼ਰੂਰੀ ਹੈ। ਉਸ ਉਪਦੇਸ਼ ਦੀ ਤਾਬਿਆ ਉਸ ਉਪਦੇਸ਼ ਦੇ ਰੰਗ ਵਿਚ ਜੀਵ ਜਿਸ ਨੂੰ ਸੋਝੀ ਬਖਸ਼ੀ ਗਈ ਹੈ ਉਸ ਦਾ ਫ਼ਰਜ਼ ਬਣਦਾ ਹੈ ਕਿ ਇਸ ਸਰਾਂ, ਦੁਨੀਆਂ, ਵਿਚ ਵੀ ਕੁਝ ਕਰ ਜਾਏ ਕੁਝ ਕਰ ਦਿਖਾਏ। ਕੁਝ ਫਰਫਰਾਹਟ ਕੁਝ ਉਦਮ, ਕੁਝ ਸ਼ਰਨ ਸੱਚੇ ਕੀ, ਕੁਝ ਯਾਦ ਸੱਚੇ ਦੀ। ਕੁਝ ਮਰਮ ਸੱਚੇ ਦਾ ਕੁਝ ਰਹਿਮ ਸੱਚੇ ਦਾ ਇਹ ਡੰਗੋਰੀ ਫੜ ਲਵੇ ਤੇ ਸੱਚੇ ਦੀ ਕੋਠਰੀ ਵਿਚ ਝਾੜੂ ਲਗਾ ਲਵੇ। ਹਿਰਦੇ ਦੀ ਸਫ਼ਾਈ ਲਈ ਨਾਮ ਜੱਪ ਜੱਪ, ਕਿਰਤ ਕਰ ਕਰ, ਵੰਡ ਛੱਕ ਛੱਕ ਆਪਣੀ ਜ਼ਹਿਨੀਅਤ ਨੂੰ ਆਪਣੀ ਅਗਿਆਨ ਬੁੱਧੀ



Sri Satguru Jagjit Singh Ji Elibrary NamdhariElibrary@gmail.com

ਨੂੰ ਉਚੇਰਾ ਕਰਨ ਦਾ ਹੰਭਲਾ ਮਾਰ ਲਵੇ। ਜੋ ਮਿਲਿਆ ਹੈ ਉਹ ਵੰਡ ਵੰਡ ਕੇ, ਜੋ ਮੈਲਾ ਹੈ ਉਸ ਨੂੰ ਅੱਛਾ ਕਰ ਕੇ, ਜੋ ਭੁੱਖਾ ਹੈ ਉਸ ਨੂੰ ਕੁਝ ਖਵਾਲ ਕੇ, ਜੋ ਨਿਤਾਣਾ ਹੈ ਉਹਨੂੰ ਤਾਣ ਦੇ ਕੇ।

ਸ਼ਾਇਦ ਏਸੇ ਦਾ ਨਾਂ ਹੈ ਆਪਣੀ ਸੁਰਤ ਉੱਚੀ ਕਰ ਕੇ, ਜੀਵਨ ਬਲਵਾਨ ਕਰ ਕੇ, ਸੋਚ ਆਧਾਰ ਦਾ ਕਾਸਾ ਲੈ ਕੇ, ਇਸ ਤਰ੍ਹਾਂ ਆਪਣੇ ਆਪ ਨੂੰ ਇਸ ਯੋਗ ਬਣਾ ਲਵੇ ਕਿ ਸਲਲੇ ਸਲਲ ਸਮਾਨ ਦਾ ਹੱਕਦਾਰ ਹੋ ਜਾਵੇ, ਸਾਗਰ ਬੂੰਦ ਮਿਲੇ ਦਾ ਦਾਅਵੇਦਾਰ ਹੋ ਜਾਏ, ਕਿਰਨ, ਸੂਰਜ ਵਿਚ ਇਕਮਿਕ ਹੋ ਜਾਣ ਦਾ ਅਧਿਕਾਰੀ ਹੋ ਜਾਵੇ ਤੇ ਇਸ ਤਰ੍ਹਾਂ ਮੁੱਕ ਜਾਏ ਪੈਂਡਾ, ਮੁੱਕ ਜਾਣ ਜਨਮਾਂ ਜਮਾਤਰਾਂ ਦੇ ਗੇੜੇ, ਗੋਬਿੰਦ ਮਿਲਨ ਦੀ ਇਸ ਬਰੀਆ ਨੂੰ ਸਫ਼ਲ ਕਰ ਲਿਆ ਜਾਵੇ, ਘੜੀ ਘੜੀ ਦਾ ਲੇਖਾ ਮੁੱਕ ਜਾਏ, ਬਿਛੜਨ ਤੇ ਜਨਮ, ਖ਼ਤਮ ਹੋ ਜਾਏ। ਅਖਾੜੇ ਵਿਚ ਪੰਜ ਪਹਿਲਵਾਨਾਂ ਦੀ ਹਾਰ ਹੋ ਜਾਏ ਤੇ-"ਅਬ ਕੀ ਬਾਰ ਬਖਸ਼ ਬੰਦੇ ਕੋ" ਬਹੁਰ ਭਵਜਲ ਨਾ ਫੇਰਾ। 'ਬਹੁਤ ਜਨਮ ਨਾ ਆਵਾਂ' ਸ਼ਬਦ ਹਿਰਦੇ ਵਿਚ ਵੱਸ ਜਾਵੇ।

## ਗੁਰਮਤ ਦੇ ਗੀਤ-ਭਾਵ ਤੇ ਰੰਗ

ਭਗਤੀ ਕਵਿਤਾ ਦੀ ਮਾਂ ਹੈ। ਜਿਸ ਨੂੰ ਨਦੀ ਦੇ ਵਹਿਣ ਵਿਚੋਂ ਰਾਗ ਸੁਣੀਦਾ ਹੈ, ਸਾਗਰ ਦੀਆਂ ਛੱਲਾਂ ਨਾਲ ਜੋ ਮਨ ਤੇ ਤਨ ਨੱਚ ਨੱਚ ਉਠਦਾ ਹੈ, ਉਸਦੀ ਜ਼ਿੰਦਗੀ ਵਿਚ ਸਵੇਰ ਹੈ।" ਰੁਝੇਵਿਆਂ ਵਿਚ ਵੀ ਉਸ ਪਾਸ ਟਿਕਾਓ ਹੈ, ਇਹ ਵੀ ਭਗਤੀ ਵਿਚ ਜਗਤ ਵਿਚ ਵਿਚਰਦਿਆਂ ਧੰਧਿਆਂ ਸਬੰਧੀ ਠਾਠਾ-ਬਾਗਾ ਹੈ। ਸੁਰਤ ਮਾਲਕ ਦੇ ਚਰਨਾਂ ਵਿਚ ਹੈ।

ਗੁ: ਗ੍ਰੰਥ ਸਾਹਿਬ ਮਿਸਾਲ ਲੈਂਦੇ ਹਨ ਕਿ ਘੜੇ ਲਿਆਂਦੀਆਂ ਤਮਾਸ਼ੇ ਕਰਦੀਆਂ ਤੇ ਵਿਚਾਰਾਂ ਵਿਚ ਲਗੀਆਂ ਰਹਿੰਦੀਆਂ ਹਨ, ਪਰ ਇਕ ਉਪਰ ਇਕ ਘੜਿਆਂ ਦੀਆਂ ਕਤਾਰਾਂ ਜਿਹੜੀਆਂ ਸਿਰ ਉਪਰ ਹਨ ਉਹ ਨਹੀਂ ਡਿਗਦੀਆਂ ਕਿਉਂਕਿ ਧਿਆਨ ਘੜਿਆਂ ਗਾਗਰਾਂ ਵਿਚ ਹੈ। ਏਸੇ ਤਰ੍ਹਾਂ ਜੇ ਚੰਗੇ ਪੁਰਸ਼ ਆਪਣੇ ਕੰਮ ਵਿਚ ਮੱਤੇ ਅੰਦਰੋਂ ਸੁਰਤ ਰਾਮ ਨਾਮ ਵਿਚ ਲਗਾ ਲੈਣ ਤਾਂ ਉਹਨਾਂ ਦਾ ਜੀਵਨ ਰੁਖਾ ਰੁਖਾ ਨਹੀਂ ਰਹਿੰਦਾ ਉਹ ਖਿੜੇ ਫੁੱਲ ਵਾਂਗ ਟਹਿਕਦੇ ਹਨ ਮਹਿਕਦੇ ਹਨ ਆਪਣੀ ਰੋਜ਼ੀ ਦੇ ਸਾਧਨ ਪੂਰੇ ਕਰਦੇ ਹਨ, ਪਰ ਤਾਰ ਪ੍ਰਭੂ ਚਰਨਾਂ ਦੇ ਨਾਲ ਲਗਾਈ ਰਖਣ ਕਰਕੇ ਇਕ ਅਜੀਬ ਅਨੰਦ ਵੀ ਮਾਨੀ ਜਾਂਦੇ ਹਨ। ਉਨ੍ਹਾਂ ਦੀ ਜ਼ਿੰਦਗੀ ਰਹਿਸ ਮਈ ਹੁੰਦੀ ਹੈ ਉਹਨਾਂ ਦੇ ਰਸਤੇ ਦੇ ਕੰਢੇ ਚੁਣੇ ਜਾਂਦੇ ਹਨ। ਸਰੀਰਕ ਦੁਖ ਤੇ ਮਨ ਨੂੰ ਕਲੇਸ਼ ਕਰਨ ਵਾਲੀਆਂ ਕਈ ਘਟਨਾਵਾਂ ਆ ਸਕਦੀਆਂ ਹਨ ਪਰ ਉਨ੍ਹਾਂ ਨਾਲ ਟਾਕਰਾ ਕਰਨਾ ਸੌਖਾ ਹੋ ਜਾਂਦਾ ਹੈ....ਉਹਨਾਂ ਲਈ ਜਿਨ੍ਹਾਂ ਦਾ ਸਰੀਰ ਆਪਣੇ ਰੁਜ਼ਗਾਰ ਵਿਚ ਲਗਾ ਹੈ ਤੇ ਚਿਤ ਪਰਵਰਦਿਗਾਰ ਵਿਚ ਵਸਿਆ ਹੈ।



Sri Satguru Jagjit Singh Ji Elibrary NamdhariElibrary@gmail.com

ਸੁਨੇਹਾ ਉੱਤਮ ਹੈ, ਦਰਸ਼ਨ ਜਾਂ ਫਲਸਫਾ ਉਚਿਤ ਹੈ ਪਰ ਕਮਾਲ ਦੀਆਂ ਮਿਸਾਲਾਂ ਦੇ ਕੇ ਮਨ ਵਿਚ ਪਕਾਇਆ ਹੈ। ਮਿਸਾਲਾਂ ਦੀ ਦੁਨੀਆਂ ਬੜੀ ਅਨੁਕੂਲ ਹੈ, ਦਿਲ ਨੂੰ ਮੋਹਨ ਵਾਲੀ ਹੈ ਫ਼ਲਸਫ਼ੇ ਤੇ ਆਧਾਰ ਤੇ ਗੁੰਝਲਾਂ ਖੋਲ੍ਹਦੀ ਹੈ। ਸੌਖਾ ਰਾਹ ਦਸਿਆ ਹੈ, ਉਚੇਰੇ ਕਠਨ ਸਾਧਨ ਨਹੀਂ ਦਸੇ, ਕੋਈ ਤੱਪ ਨਹੀਂ, ਕੋਈ ਵਰਤ ਨਹੀਂ, ਕੋਈ ਸਿੱਧੀ ਨਹੀਂ, ਰਿੱਧੀ ਨਹੀਂ, ਕੋਈ ਚਲੀਹੇ ਕੱਟਣੇ ਲੋੜੀਂਦੇ ਨਹੀਂ ਕੋਈ ਘਰ ਛੱਡ ਕੇ ਦੇਸ਼ ਦਿਸ਼ਾਂਤਰ ਦੇ ਭਉਣ ਦੀ ਲੋੜ ਨਹੀਂ, ਕੋਈ ਰੋਜ਼ੇ ਨਹੀਂ ਕੋਈ ਨਮਾਜ਼ਾਂ ਨਹੀਂ, ਕੋਈ ਹੱਜ ਨਹੀਂ, ਤੀਰਥ ਨਹੀਂ ਇਸ ਰਾਹ ਦੇ ਪਾਂਧੀ ਲਈ ਕੋਈ ਕੰਢੇ ਨਹੀਂ .... ਸੁਆਦ ਹੈ ਆਪਣਾ ਮਨ ਬਦਲ ਲੈਣ ਵਿਚ ਆਪਣਾ ਕੰਮ ਆਪਣੀ ਰੋਜ਼ੀ ਲਈ ਕਰਨਾ ਤਾਂ ਹੈ ਹੀ ਜੇ ਉਹਦੇ ਵਿਚੋਂ ਸੁਆਦ ਦੀ ਖੁਸ਼ਬੂ ਆਉਣ ਲਗ ਜਾਏ ਤਾਂ ਕੀ ਘਟਦਾ ਹੈ ਗੁਰਮਤ ਦੀ ਫਿਲਾਸਫੀ ਦਾ ਇਹ ਇਕ ਅੰਗ ਹੈ ਕਿ ਤਿਥਾਂ ਵਾਰਾਂ ਦੀ ਔਖਿਆਈ ਵਿਚ ਨਾ ਪਵੇ। ਮੰਗਲ ਸ਼ਨਿਚਰ ਦੇ ਡਰ ਲਾਹ ਛਡੋ, ਮੱਸਿਆਵਾਂ ਸੰਗਰਾਂਦਾਂ ਦੇ ਭੁਲੇਖਿਆਂ ਵਿਚ ਨਾ ਪਵੇ, ਔਖੇ ਹੋ ਕੇ ਦਾਨ ਪੁੰਨ ਨੂੰ, ਸਰੀਰਕ ਆਰਾਮ ਨੂੰ ਛੱਡ ਕੇ, ਭਟਕਣਾਂ ਨਾਲ ਤੀਰਥਾਂ ਦੇ ਭਰਮਣ ਦੀ ਅਜਾਈਂ ਜ਼ਰੂਰਤ ਨਹੀਂ...ਜੇ ਨਾ ਪੁਜੇ ਤਾਂ ਸਰਾਧਾਂ ਦੀਆਂ ਰੋਟੀਆਂ ਦੇ ਖੁਆਉਣ ਦੇ ਭਰਮਾਂ ਵਿਚ ਨਾ ਪਵੇ। ਜਿਤਨਾ ਵੀ ਪੁਜੇ ਗਰੀਬ ਲਈ, ਲੋੜਵੰਦ ਲਈ, ਆਪਣੀ ਕਿਰਤ ਵਿਚੋਂ ਵੰਡੋ, ਜ਼ਰੂਰ ਵੰਡੋ, ਪਰ ਸਮਝ ਕੇ, ਔਖੇ ਹੋ ਕੇ ਨਹੀਂ। ਕਿਸੇ ਦਾ ਦੁਖ ਦੇਖ ਕੇ ਮਨ ਪਸੀਜ ਪਵੇ ਤੇ ਤਨ ਮਨ ਧਨ ਨਾਲ ਸੇਵਾ ਵਿਚ ਜੁਟ ਜਾਵੇ.....ਇਹ ਧਰਮ ਹੈ। ਉਚਿਆਂ ਪਹਾੜਾਂ ਤੇ ਸਰਸਬਜ਼ ਮੈਦਾਨਾਂ ਤੇ ਜਿਥੇ ਕਿਥੇ ਕੁਦਰਤ ਦੇ ਕਰਿਸ਼ਮੇ ਹਨ ਜ਼ਰੂਰ ਜਾਉ। ਸਵਾਦ ਲਵੋ। ਜਿਥੇ ਕੋਈ ਨਾਮੀ ਵਸਦੇ ਹਨ ਉਨ੍ਹਾਂ ਦੀ ਚਰਨ ਧੂੜ ਲੈਣ, ਸੇਵਾ ਵਾਸਤੇ, ਜਾਵੋ, ਪਰ ਆਪਣੇ ਕਿਸੇ ਡਰ ਸਹਿਮ ਵਿਚ ਵਹਿਮਾਂ ਭਰਮਾਂ ਵਿਚ ਆਪਣੇ ਤੇ ਆਪਣੇ ਬੱਚੇ ਦੇ ਮੂੰਹੋਂ ਗਰਾਹੀ ਖੋਹ ਕੇ ਸੂਰਜ ਗ੍ਰਹਿਣ ਤੇ ਕਿਸੇ ਨੂੰ ਦਾਨ ਦੇਣ ਦੀ ਲੋੜ ਨਹੀਂ। ਕਿਸੇ ਦੇ ਸ਼ਰਾਪ ਤੋਂ ਡਰਕੇ ਆਪਣੇ ਤੇ ਆਪਣੇ ਬੱਚਿਆਂ ਦਾ ਹੱਕ ਮਾਰਨ ਦੀ ਕੋਈ ਜ਼ਰੂਰਤ ਨਹੀਂ। ਸਿਰਫ ਭਰਮ ਛਡੋ ਭੁਲੇਖੇ ਛਡੋ ਤੇ ਆਪਣੀਆਂ ਜ਼ਿੰਦਗੀਆਂ ਸਵਾਦ ਭਰਪੂਰ ਕਰੋ। ਕੋਈ ਐਸਾ ਭੋਜਨ ਨਾ ਛਕੋ ਜਿਸਦੇ ਖਾਣ ਨਾਲ ਤਨ ਨੂੰ ਰੋਗ ਲੱਗੇ ਤੇ ਮਨ ਵਿਚ ਵਿਕਾਰ ਵੱਸੇ। ਕੋਈ ਉਚੇਰੇ ਲਿਬਾਸ ਪਾਉਣਾ ਉਚਿਤ ਨਹੀਂ ਜਿਸ ਨਾਲ ਹਉਮੈ ਵਿਚ ਵਾਧਾ ਹੋਵੇ ਤੇ ਕਿਸੇ ਦੇ ਚੰਗੇ ਮਹਿਲ ਦੇਖ ਕੇ ਆਪਣੀ ਝੁੱਗੀ ਨੂੰ ਅੱਗ ਲਗਾਉਣਾ ਧਰਮ ਨਹੀਂ, ਅਕਲ ਨਹੀਂ।

ਏਡੇ ਮਹਾਨ ਸੁਨੇਹੇ ਨੂੰ ਵੀ ਕਿਸੇ ਸੁੱਕੇ ਸੁੱਕੇ ਫ਼ਲਸਫ਼ੇ ਵਾਂਗ ਨਹੀਂ ਦਿਤਾ ਗਿਆ। ਐਨ ਰੰਗੀਨੀ ਭਰੀ ਹੈ ਸਾਰੇ ਸ਼ਬਦ ਵਿਚ। ਉੱਚ ਦਰਜੇ ਦੇ ਬਿੰਬਾਂ ਦੀ



Sri Satguru Jagjit Singh Ji Elibrary NamdhariElibrary@gmail.com

ਨਗਰੀ ਵਸਾਈ ਗਈ ਹੈ। ਜਿਸ ਵਿਚ ਮਾਸੂਮ ਬੱਚਿਆਂ ਦੀ ਝਾਤੀ ਹੈ ਉਨ੍ਹਾਂ ਦੇ ਲੜਕਪਣ ਦੀ ਦੁਨੀਆਂ-ਅਸਮਾਨ ਤੇ ਜਾ ਚੜ੍ਹਦੀਆਂ ਕਦੇ ਜ਼ਮੀਨ ਤੇ ਜਾ ਲਟਕਦੀਆਂ ਕਾਗਜ਼ ਦੀਆਂ ਗੁੱਡੀਆਂ, ਬੱਚਿਆਂ ਦੇ ਉਤਸ਼ਾਹ ਦੀ ਕਹਾਣੀ, ਸਾਂਝ ਦੇ ਨਜ਼ਾਰੇ, ਇਕੱਠਾ ਦੀਆਂ ਰੌਣਕਾਂ.....ਕੈਸੀ ਦਿਲਕਸ਼ ਫ਼ਿਜ਼ਾ ਹੈ।

ਫੇਰ ਦੂਜੀ ਦੁਨੀਆਂ ਦਿਖਾਂਦੇ ਹਨ ਖਿੜ ਖਿੜ ਕਰਦੀਆਂ, ਕਦੇ ਮਸੂਮ ਮਸੂਮ ਮਜ਼ਾਕ ਕਰਦੀਆਂ, ਕਦੇ ਗੀਤ ਛੋਹ ਲੈਣ ਨਾਲ ਭੌਂਇ ਤੇ ਪੈਰ ਨਾ ਲਗਣ ਦੇਣ ਵਾਲੀਆਂ ਨਟਖਟ....ਜਿਮੀਂ ਤੇ ਹਵਾ ਨੂੰ ਰੰਗ ਦੇਣ ਵਾਲੀਆਂ....ਤਲਾਬਾਂ ਨੂੰ ਅੱਗ ਲਾ ਦੇਣ ਵਾਲੀਆਂ-ਪਾਣੀ ਭਰ ਕੇ ਆਈਆਂ ਕੰਨਿਆਵਾਂ! ਐਸੇ ਰੰਗ ਮਈ ਵਾਤਾਵਰਣ ਨੂੰ ਭੀ ਵਿਗਿਆਨਕ ਸੁਨੇਹੇ ਦਾ ਸਾਧਨ ਬਣਾ ਲਿਆ ਹੈ-ਕਵੀ ਭਗਤ ਨੇ।

ਫੇਰ ਜਾ ਪਹੁੰਚਦੇ ਹਨ ਕਵੀ ਮਨਾਂ ਨੂੰ ਹਰਿਆਣ ਵਾਲੀ ਚਰਾਗਾਹ ਵਿਚ। ਇਥੇ ਸਬਜ਼ ਘਾਹ ਹੈ। ਘਾਹ ਵਿਚ ਗਊਆਂ ਮੱਝਾਂ ਚਾਰਾ ਖਾ ਰਹੀਆਂ ਹਨ। ਕਿਆ ਨਜ਼ਾਰਾ ਹੈ। ਮੈਦਾਨਾਂ ਦੀ ਖੁਲ੍ਹ ਹੈ। ਏਥੇ ਵਰੋਸਾਏ ਮਨਾਂ ਲਈ ਰੱਬ ਵੱਸਦਾ ਹੈ। ਮਨ ਤੋਂ ਦੂਰ ਨਹੀਂ-ਪਰ ਅੱਖਾਂ ਉਹਲੇ ਬਛੜਾ ਵੀ ਹੈ। ਜੇ ਉਹ ਮੁੰਡਿਆਂ ਕੁੜੀਆਂ ਦੀਆਂ ਦੁਨੀਆਵਾਂ ਰੰਗਦਾਰ ਹਨ ਤੇ ਇਥੇ ਘਾਹ ਚਬਾਉਂਦੀਆਂ ਗਊਆਂ ਮੱਝੀਆਂ ਦਾ ਬਸੇਰਾ ਵੀ ਲੁਭਾਇਮਾਨ ਹੈ।

ਤਿੰਨੋਂ ਸੀਨ ਮੂੰਹੋਂ ਬੋਲ ਰਹੇ ਹਨ ਅੱਖਾਂ ਨੂੰ ਠੰਡਿਆ ਰਹੇ ਹਨ। ਮਨ ਨੂੰ ਟੋਹ ਰਹੇ ਹਨ। ਰੂਹ ਵਿਚ ਆ ਆ ਜਜ਼ਬ ਹੋ ਰਹੇ ਹਨ। ਜਿਨ੍ਹਾਂ ਨੂੰ ਤਕ ਤਕ ਮਨ ਦੇਖ ਦੇਖ ਨਹੀਂ ਰੱਜਦਾ ਫੇਰ ਇਕ ਹੋਰ ਵੀ ਮਹਾਨ ਦੁਨੀਆਂ ਰਚ ਦੇਂਦੇ ਹਨ। ਇਕ ਪਾਸੇ "ਮਾਂ" ਹੈ – ਰੱਬ ਨੇ ਕਿੰਨਾਂ ਵਕਤ ਖ਼ਰਚਿਆ ਸੀ ਮਾਂ ਬਨਾਣ ਵਾਸਤੇ? ਸਾਰੀ ਦੁਨੀਆਂ – ਅੰਡਜ, ਜੇਰਜ ਸੇਤਜ ਉਤਭੁਜ ਦਾ ਸਾਰਾ ਸੰਸਾਰ ਰਚਦਿਆਂ ਉਹਦਾ ਇਕ ਦਿਨ ਵੀ ਪੂਰਾ ਖ਼ਰਚ ਨਹੀਂ ਹੋਇਆ। ਮਾਂ ਨੂੰ ਬਣਾਉਂਦਿਆਂ ਰੱਬ ਨੇ 6 ਦਿਨ ਓਵਰ ਟਾਈਮ ਲਗਾ ਕੇ ਮਸਾਂ ਮਸਾਂ ਆਰਡਰ ਪੂਰਾ ਕੀਤਾ। ਫੇਰ ਵੀ ਮਾਂ ਦੀ ਮੂਰਤੀ, ਰੱਬ ਕੋਲੋਂ ਵੀ, ਮੁਕੰਮਲ ਬੇਨੁਕਸ ਨਹੀਂ ਬਣ ਸਕੀ...ਇਹ ਹੈ ਮਾਂ। ਫੇਰ ਨਿੱਕੇ ਨਿੱਕੇ ਬੱਚੇ ਨੂੰ ਪੰਘੂੜੇ ਪਾਕੇ ਝੂਟਾ ਦੇਂਦੀ ਦਿਖਾ ਕੇ ਭਗਤ ਜੀ ਨੇ ਭਾਵ ਉਸਾਰਣ ਦੀ ਸਰੇਸ਼ਟ ਗੱਦੀ ਤੇ ਪੂਰਾ ਹੱਕ ਜਮਾਇਆ ਹੈ... ਤੇ ਇਸ ਮਾਂ ਦੇ ਮੂੰਹੋਂ ਵੀ, ਉਹੀ ਪਿਆਰ ਫ਼ਲਸਫ਼ਾ ਅਖਵਾ ਦਿੱਤਾ ਹੈ ਜਿਸ ਵੀ ਤਸ਼ਰੀਹ, ਇਸ ਇਬਾਰਤ ਵਿਚ ਜਨਮ ਦੇ ਗਈ ਹੈ।

(ਗੁਰਮਤਿ ਦੇ ਗੀਤ : ਭਾਵ ਤੇ ਰੰਗ ਵਿਚੋਂ )



Sri Satguru Jagjit Singh Ji Elibrary NamdhariElibrary@gmail.com

# ਪ੍ਰੋਫੈਸਰ ਹਰਕ੍ਰਿਸ਼ਨ ਸਿੰਘ ਦੀਆਂ ਕਿਤਾਬਾਂ

1. ਝਲਕ ਮਜੀਠੇ ਰੰਗ ਦੀ
2. ਰਸਕਿ ਰਸਕਿ ਗੁਣ ਗਾਵਹ
3. ਮੀਠੇ ਹਰਿ ਗੁਣ ਗਾਉ
4. ਰਤਨਾ ਰਤਨ ਪਦਾਰਥ
5. ਜੀਵਨ ਸ੍ਰ: ਗੁਰਦਿਤ ਸਿੰਘ ਜਾਲੀ
6. ਵੰਨਗੀਆਂ ਵੰਨ ਸੁਵੰਨੀਆਂ
7. ਚਿਤਰ ਗੁਪਤ ਦੀ ਵਹੀ-ਮੇਰਾ ਲੇਖਾ ਜੋਖਾ
8. ਮਨ ਸੁੱਕਾ ਹਰਿਆ ਹੋਇਆ
9. ਸਫਲ ਭਈ ਜਾਤਰਾ
10. ਜੀਵਨ ਭਾਈ ਮੋਹਨ ਸਿੰਘ (ਛਪ ਰਹੀ ਹੈ)
    ਅਮਰ ਚਿਤਰ ਕਥਾ ਦੀ ਕਿਸਮ ਦੀਆਂ (ਖਰੜੇ)
11. ਸ੍ਰ: ਜੱਸਾ ਸਿੰਘ ਆਹਲੂਵਾਲੀਆ (ਸਚਿਤ੍ਰ ਜੀਵਨੀ)
12. ਪ੍ਰੋ: ਪੂਰਨ ਸਿੰਘ
13. ਅੰਗਰੇਜ਼ੀ ਵਿਚ ਤੇ ਹਿੰਦੀ ਵਿਚ ਕਾਫੀ ਟਰੈਕਟ ਬਣਵਾਏ, ਬਣਾਏ ਹਨ।
14. ਅੰਗਰੇਜ਼ੀ ਵਿਚ ਇਹਨਾਂ ਦੀ ਬੜੀ ਮਕਬੂਲ ਪੁਸਤਕ ਹੈ-
    The Sikhs, Tenets & Tremors

ਇਹਨਾਂ ਕਿਤਾਬਾਂ ਤੋਂ ਛੁਟ ਪ੍ਰੋ: ਹਰਕਿਸ਼ਨ ਸਿੰਘ ਨੇ ਕੋਈ ਦਰਜਨ ਪੈਮਫਲਿਟ, ਟਰੈਕਟ, ਅਖਬਾਰਾਂ ਵਿਚ ਮਜ਼ਮੂਨ ਕਿਤਾਬਾਂ ਦੇ Review ਤੇ ਪੰਜਾਬੀ ਦੀ ਤਰੱਕੀ ਲਈ ਯੋਜਨਾਵਾਂ ਵਿਚ ਹਿੱਸਾ ਪਾਇਆ ਹੈ। ਕਈ ਵੀਡੀਓ ਕੈਸਟ ਆਡੀਓ ਕੈਸਟ ਤੇ ਆਡੀਓ ਵਿਯੂਅਲ ਬਣਾਕੇ ਦੇਸ ਪ੍ਰਦੇਸ ਵਿਚੋਂ ਹਜ਼ਾਰਾਂ ਲੋਕਾਂ ਤੋਂ ਪ੍ਰਸੰਸਾ ਲਈ। ਕਈ ਸਾਲ ਇਕ ਪੰਜਾਬੀ ਪਰਚਾ "ਫੋਰਮ ਸਮਾਚਾਰ" ਦੀ ਸੰਪਦਨਾ ਕੀਤੀ।

ਪੰਜਾਬੀ ਜਗਤ ਵਿਚ ਇਹਨਾਂ ਦੀ ਘਾਲ ੧੫ ਸਾਲਾਂ ਦੀ ਹੈ ਤੇ ਇਸਤੋਂ ਪਹਿਲਾਂ ਇਨਾਂ ਦੀਆਂ ਸੇਵਾਵਾਂ ਦਾ ਖੇਤਰ ਉਦਯੋਗਿਕ ਵਿਕਾਸ ਰਿਹਾ ਹੈ-ਪ੍ਰਾਈਵੇਟ ਸੈਕਟਰ, ਕੋਆਪ੍ਰੇਟਿਵ ਸੈਕਟਰ ਤੇ ਪਬਲਿਕ ਸੈਕਟਰ। ਅੰਤਰ ਰਾਸ਼ਟਰੀ ਸੰਸਥਾਵਾਂ ਨੇ ਭੀ ਇਹਨਾਂ ਦੀ ਸਲਾਹਕਾਰੀ ਵਿਚ ਵਡੇ ਕਾਰਜ ਕੀਤੇ ਹਨ। ਸਕਾਟਲੈਂਡ, ਇੰਗਲੈਂਡ, ਆਇਰਲੈਂਡ ਵਿਚ ਸਿਖਣ ਸਿਖਾਣ ਲਈ ਕਾਫ਼ੀ ਸਮਾ ਬਿਤਾਇਆ ਤੇ ਮਲੇਸ਼ੀਆ ਸ੍ਰਕਾਰ ਦੇ ਕਈ ਸਾਲ ਪੂਰਨ ਤੋਂ ਪਕੇ ਤੌਰ ਤੇ ਸਲਾਹਕਾਰ ਬਣੇ ਰਹੇ। ਹਿੰਦ ਸਰਕਾਰ ਤੇ ਕਾਮਨ ਵੈਲਥ ਦੋਹਾਂ ਵਲੋਂ। ਉਦਯੋਗਿਕ ਵਿਕਾਸ ਸਬੰਧੀ ਅੰਗਰੇਜ਼ੀ ਵਿਚ ਇਹਨਾਂ ਦੀਆਂ ਕਈ ਟੈਕਸਟ ਬੁਕਸ, manual, ਅਜੋਕੀ ਤਕਨੀਕ ਦੀ ਗਾਈਡਜ਼ ਤੇ ਅਨੇਕਾਂ ਹੋਰ ਰੀਪੋਰਟਾਂ ਹਨ।

ਮਨੋਹਰ ਸਿੰਘ ਬਤਰਾ

H - 2. Jangpura Extn.
New Delhi - 110014.
Tele.: 4693614.



Sri Satguru Jagjit Singh Ji Elibrary NamdhariElibrary@gmail.com

## ਜ਼ਰਾ ਸੋਚਣਾਂ!

ਇਹ ਸਭਿ ਪੈਰੇ, ਪੰਨੇ, ਖਿੰਡੇ ਪੁੰਡੇ ਟੋਟੇ ਮਜ਼ਮੂਨਾਂ ਦੇ
ਪੂਰੀ ਕਿਤਾਬ ਦਾ ਰਸ ਤਾਂ ਨਹੀਂ ਨਾਂ।

ਕਿਤਾਬ ਹੋਰ ਹੈ। ਜਿਵੇਂ ਬਲਿਹਾਰੀ ਕੁਦਰਤ ਵਸਿਆ ਵਿਚ ਕਿਤੇ ਲਿਖਿਆ ਹੈ:

"....ਪਰ ਵਿਗਆਨੀ ਦਾ ਬਿਆਨ ਹੋਰ ਹੈ ਤੇ ਗਿਆਨ ਦੀ ਸੋਝੀ ਹੋਰ ਹੈ। ਅਸਚਰਜਤਾ ਹੋਰ ਹੈ, ਵਿਸਮਾਦ ਵਿਗਾਸ ਹੋਰ ਹੈ। ਵਿਗਿਆਨੀ ਦੀ
ਭਾਲ ਦਾ ਥੇਹ ਥਿੱਤਾ ਹੋਰ ਹੈ, ਬ੍ਰਹਮ ਗਿਆਨੀ ਦੀ ਢੂੰਡ ਬੇਹਿਸਾਬੀ ਹੈ। ਤਾਲਾਬ ਦਾ ਪਾਣੀ ਹੋਰ ਹੈ, ਚਸ਼ਮੇ ਦਾ ਵਗਣਾ ਹੋਰ ਹੈ। ਬੁੱਧੀ ਮੰਡਲ ਦੀ ਕੈਦ ਹੋਰ ਹੈ, ਆਤਮਾ ਦੀ ਆਜ਼ਾਦੀ ਹੋਰ ਹੈ। ਆਮ ਫ਼ਹਿਮ ਨਸਰ ਵਿਚ ਲਿਖਣਾ ਹੋਰ ਹੈ, ਇਸ਼ਕ ਦੀ ਸੁਰ ਵਿਚ ਗਾਣਾ ਹੋਰ ਹੈ। ਟਿੱਬੇ ਟੋਇਆਂ ਦਾ ਪਾਣੀ ਅਪਣੀ ਥਾਂ ਤੇ, ਗੰਗਾ ਦੇ ਨਿਰਮਲ ਜਲ ਦਾ ਕਹਿਣਾ ਹੀ ਕੀ। ਆਪ ਸਾਰੇ ਅਪਣੀ ਥਾਂ ਤੇ, ਪਹਾੜੀ ਨਾਲੇ ਦਾ ਰੋੜ੍ਹ ਹੋਰ ਚੀਜ਼ ਹੈ। ਵਡੀਆਂ ਵਡੀਆਂ ਦੂਰ ਬੀਨਾਂ ਨਾਲ ਨੇੜੇ ਦੀਆਂ ਮੰਜ਼ਲਾਂ ਤੱਕ ਲੈਣੀਆਂ ਹੋਰ ਗੱਲ ਹੈ, ਪਰ ਪੁਲਾੜ ਦੇ ਪਰੇ ਦੀ ਦੁਨੀਆ ਤੇ ਆਤਮਾ ਰਾਹੀਂ ਜਾ ਅਪੜ੍ਹਨਾ ਹੋਰ ਗਲ ਹੈ "ਮੀਠੇ ਹਰਿ ਗੁਣ ਗਾਉ" ਵਿਚੋਂ

ਸੋ ਪੜ੍ਹੋ ਪੂਰੀ ਪੂਰੀ ਕਿਤਾਬ ਜੇ ਇਹ ਛੋਟੇ ਛੋਟੇ ਨਚੋੜ ਜਾਂ ਨਮੂਨੇ ਟੁੰਬਣ ਜੇ ਤਾਂ।

*ਮਨੋਹਰ ਸਿੰਘ ਬਤਰਾ*



Sri Satguru Jagjit Singh Ji Elibrary NamdhariElibrary@gmail.com

…angpura Road
… Delhi - 110014.
… 4693614.